# ਦਾਸ ਧਰਮ ਟਾਈਮਸ

ਦਸੰਬਰ 2001



ਹਜ਼ੂਰ ਮਹਾਰਾਜ ਦਰਸ਼ਨ ਦਾਸ

ਸਚਖੰਡ ਨਾਨਕ ਧਾਮ ਦੀ ਮਾਸਕ ਪਤੱਰਿਕਾ

# ਦਾਸ ਧਰਮ ਟਾਈਮਸ

## ਸੰਪਾਦਕੀ

ਦਸੰਬਰ

"ਧਰਮ ਨੂੰ ਭੁਲ ਧਰਨੇ ਮਾਰਣ, ਹੱਕਾਂ ਖ਼ਾਤਰ ਕਰਨ ਲੜਾਈ
ਕਹੇ ਦਰਸ਼ਨ ਰੱਬ ਨਾ ਵਿਸਾਰੋ, ਜਿਸ ਏਹ ਸਾਂਝ ਜਗਾਈ।"

ਅੱਜ ਦੀ ਦੁਨੀਆਂ ਦੇ ਹਾਲਾਤਾਂ ਦੇ ਪਰਿਪੇਖ ਵਿਚ ਹਜ਼ੂਰ ਦੇ ਸੰਦੇਸ਼ ਅਤੇ ਉਹਨਾਂ ਦੀ ਬਾਣੀ ਸਮੁੱਚੇ ਤੌਰ ਤੇ ਖਰੀ ਉਤਰਦੀ ਹੈ। ਜਦੋਂ ਅਸੀਂ ਵੇਖਦੇ ਹਾਂ ਕਿ ਕਿਸੇ ਦੇਸ਼ ਵਿਚ ਲੋਕ ਧਰਮ ਦੇ ਨਾਂ ਹੇਠ ਸੱਤਾ ਹੜਪ ਰਹੇ ਹਨ ਜਾਂ ਉਗ੍ਰੱਰਵਾਦ ਨੇ ਦੁਨੀਆਂ ਭਰ ਵਿਚ ਆਪਣਾ ਚਾਨਣ ਕੀਤਾ ਹੋਇਆ ਹੈ। ਸ਼ੁਧੀਕਰਣ, ਜਾਂ ਧਰਮ-ਰਾਜ ਸਥਾਪਤ ਕਰਨ ਦੇ ਨਾਂ ਤੇ ਥਾਂ-ਥਾਂ ਕਤਲ-ਏ-ਆਮ ਕੀਤਾ ਜਾ ਰਿਹਾ ਹੈ। ਉਦੋਂ ਅਸੀਂ ਵਾਪਿਸ ਮੁੜ ਕੇ ਹਜ਼ੂਰ ਦੇ ਵਚਨਾਂ, ਉਹਨਾਂ ਦੇ ਸੁਨੇਹਿਆਂ ਵੱਲ ਝਾਤੀ ਮਾਰਦੇ ਹਾਂ; ਜੋ ਸਾਨੂੰ ਸੱਚ, ਸ਼ਾਂਤੀ ਅਤੇ ਅਹਿੰਸਾ ਦੀ ਰਾਹ ਦਾ ਨਾ ਸਿਰਫ਼ ਉਪਦੇਸ਼ ਹੀ ਦਿੰਦੇ ਹਨ, ਸਗੋਂ ਉਸ ਤੇ ਤੁਰਨ ਦਾ ਢੰਗ ਵੀ ਦੱਸਦੇ ਹਨ। ਸੋ, ਜੇ ਅਸੀਂ ਚਾਹੁੰਦੇ ਹਾਂ ਕਿ ਸਾਡੀ ਧਰਤੀ ਪਿਆਰ, ਪ੍ਰੇਮ ਅਤੇ ਪਰਮਾਤਮਾ ਦੀ ਦਇਆ ਨਾਲ ਭਰਪੂਰ ਹੋ ਕੇ ਸਵਰਗ ਦੇ ਸਮਾਨ ਬਣ ਜਾਵੇ, ਤਾਂ ਇਹ ਉਦੋਂ ਹੀ ਸੰਭਵ ਹੈ ਜਦੋਂ ਅਸੀਂ ਮਹਾਰਾਜ ਜੀ ਦੇ ਸੁਝਾਏ ਮਾਰਗ ਤੇ ਤੁਰੀਏ। ਇਹੋ ਜਿਹੇ ਘਟ-ਘਟ ਦੇ ਜਾਨੀ, ਅੰਤਰਯਾਮੀ, ਸਚਖੰਡ ਨਾਨਕ ਧਾਮ ਦੇ ਸੰਸਥਾਪਕ ਹਜ਼ੂਰ ਮਹਾਰਾਜ ਦਰਸ਼ਨ ਦਾਸ ਜੀ ਦੇ ੪੮ਵੇਂ ਜਨਮ ਦਿਵਸ ਤੇ ਸਮੂਹ ਸਾਧ ਸੰਗਤ ਨੂੰ ਹਾਰਦਿਕ ਵਧਾਈ।

## ਤਤਕਰਾ


| | | |
|---|---|---|
| 1. | ਸਤਿਸੰਗ ਸਰਿਤਾ | 4 |
| 2. | ਅੰਮ੍ਰਿਤ ਬਰਖਾ | 8 |
| 3. | ਦਰਸ਼ਨ ਦੇ ਦਰਸ਼ਨ | 12 |
| 4. | ਸੰਸਾਰਿਕ ਇੱਛਾਵਾਂ.... | 16 |
| 5. | ਸੂਲੀ ਦਾ ਸੂਲ | 18 |
| 6. | ਦੁਨਿਆਵੀ ਜ਼ੁੰਮੇਵਾਰੀਆਂ.... | 21 |
| 8. | ਮਾਰਗ ਦਰਸ਼ਨ | 24 |
| 9. | ਨੂਰੀ ਰੂਪ ਰਬ ਦਾ | 27 |
| 10 | ਸਮਾਚਾਰ ਦਰਸ਼ਨ | 28 |
| 11 | ਸੁ[illegible]ਆ ਮੇਰੀ ਕੌਨ | 30 |


ਸਾਲ : 3
ਅੰਕ : ਦਸੰਬਰ

ਅਸੀ ਸਾਰੇ ਬੁੱਧੀਜੀਵੀਆਂ ਅਗੇ ਬੇਨਤੀ ਕਰਦੇ ਹਾਂ ਕਿ ਜੇਕਰ ਇਸ ਪਤੱਰਿਕਾ ਵਿਚ ਗੁਰਬਾਣੀ ਲਿਖਣ ਵਿਚ ਜਾਂ ਕਿਸੇ ਹੋਰ ਤਰਾਂ ਦੀ ਕੋਈ ਵੀ ਗਲਤੀ ਹੋ ਗਈ ਹੋਵੇ ਤਾਂ ਅਸੀਂ ਮਾਫੀ ਚਾਹੁੰਦੇ ਹਾਂ।

ਪ੍ਰਕਾਸ਼ਕ

**ਸਚਖੰਡ ਨਾਨਕ ਧਾਮ**


ਸੀ.ਏਸ.ਸੀ-8, ਪਾਕੇਟ-ਈ-18,ਸੈਕਟਰ-3,
ਰੋਹਿਣੀ, ਦਿੱਲੀ-85,
ਫੋਨ-7173935

ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।
ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।
ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।
ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।
ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।
ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।
ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।

ਹੇ ਦਾਤਾ,
ਪਹਿਲੀ ਉਪਮਾ ਤੇਰੀ ਦਾਤਾ,
ਦੂਜੀ ਤੇਰੀ ਖੁਦਾਈ।
ਤੀਜੀ ਤੇਰੀ ਓਟ ਆਸਰਾ,
ਚੌਥੀ ਰਹਿਨੁਮਾਈ।
ਪੰਚ ਘਹੋਂ ਸੋ ਤੇਰਾ ਮਾਣ,
ਪੰਚਮ ਸਾਂਝ ਜਗਾਈ।
ਮੈਂ ਨੀਚ ਤੇਰੇ ਦਾਸ ਕੋ ਦਾਸਾ,
ਧੰਨ ਨਾਨਕ ਸਭ ਤੇਰੀ ਵਡਿਆਈ।

ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।
ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।
ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।
ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।
ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।
ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।
ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।

# ਹਜ਼ੂਰ ਮਹਾਰਾਜ ਦਰਸ਼ਨ ਦਾਸ ਜੀ ਦੇ 48ਵੇਂ ਜਨਮ ਦਿਵਸ 7 ਦਸੰਬਰ 2001 ਤੇ ਸਮੂਹ ਸਾਧ-ਸੰਗਤ ਨੂੰ ਹਾਰਦਿਕ ਵਧਾਈ।



# ਸਤਸੰਗ ਸਰਿਤਾ

-ਮਹਾਰਾਜ ਦਰਸ਼ਨ ਦਾਸ ਜੀ-

ਮਨਹੁ ਨ ਨਾਮੁ ਵਿਸਾਰਿ, ਅਹਿਨਿਸਿ ਧਿਆਈਐ।
ਜਿਉ ਰਾਖਹਿ ਕਿਰਪਾ ਧਾਰਿ, ਤਿਵੈ ਸੁਖ ਪਾਈਐ।।
(ਗੁਰੂ ਗਰੰਥ ਸਾਹਿਬ) (752-53)
ਨਾਨਕ ਨਾਮ ਚੜ੍ਹਦੀ ਕਲਾ।
ਤੇਰੇ ਭਾਣੇ ਸਰਬਤ ਦਾ ਭਲਾ।

ਗੁਰੂ ਸਾਹਿਬਾਨ ਆਪਣੇ ਉਪਦੇਸ਼ ਰਾਹੀ ਨਾਮ ਦੀ ਮਹਿਮਾ ਬਿਆਨ ਕਰਦੇ ਹਨ। ਨਾਮ ਨੂੰ ਗੁਰੂ ਨਾਨਕ ਸਾਹਿਬਾਨ ਨੇ ਦੋ ਢੰਗਾਂ ਵਿਚ ਯਾਦ ਕੀਤਾ ਹੈ ਇਕ ਵਰਨ-ਆਤਮਿਕ ਅਤੇ ਦੂਜਾ ਧੁਨ-ਆਤਮਿਕ। ਵਰਨ-ਆਤਮਿਕ ਸ਼ਬਦ ਸਾਡੇ ਸੁਣਨ, ਬੋਲਣ ਔਰ ਲਿਖਣ'ਚ ਕੰਮ ਕਰਦਾ ਹੈ ਜਿਸ ਤਰ੍ਹਾਂ 500 ਸਾਲ ਪਹਿਲਾਂ ਗੁਰੂ ਨਾਨਕ ਸਾਹਿਬ ਜੀ ਆਏ ਉਨ੍ਹਾਂ ਦੇ ਚਲੇ ਜਾਣ ਤੋਂ ਬਾਅਦ ਉਹਨਾਂ ਨੂੰ ਵਾਹਿਗੁਰੂ ਜਾਂ ਸਤਿਨਾਮ ਦੇ ਨਾਂ ਨਾਲ ਯਾਦ ਕੀਤਾ ਗਿਆ। 1400 ਸਾਲ ਤੋਂ ਪਹਿਲੋਂ ਮੁਹੰਮਦ ਸਾਹਿਬ ਆਏ ਉਨ੍ਹਾਂ ਦੇ ਚਲੇ ਜਾਣ ਉਪਰੰਤ ਉਨ੍ਹਾਂ ਨੂੰ ਅਲ੍ਹਾ ਜਾਂ ਖ਼ੁਦਾ ਕਹਿ ਕੇ ਮੰਨਿਆ ਗਿਆਂ। ਪੰਦਰਾਂ ਸੱਲਾਂ ਹਜ਼ਾਰ ਸਾਲ ਪਹਿਲੋਂ ਸ੍ਰੀ ਰਾਮ ਚੰਦਰ ਜੀ ਆਏ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਉਨ੍ਹਾਂ ਨੂੰ ਰਾਮਾ ਰਾਮਾ, ਸੀਆ ਰਾਮ ਕਹਿਕੇ ਯਾਦ ਕੀਤਾ ਗਿਆ ਜਾਂ ਪੂਜਿਆ ਗਿਆ। ਦੂਸਰਾ ਧੁਨਾਤਮਿਕ ਸ਼ਬਦ ਹੈ, ਜੋ ਨਾ ਬੋਲਣ ਨਾ ਲਿਖਣ'ਚ ਆਉਂਦਾ ਹੈ। ਉਹ ਸ਼ਬਦ ਸਾਡੇ ਸਰੀਰ ਦੇ ਅੰਦਰ 24 ਘੰਟੇ, ਅਠੇ ਪਹਿਰ, ਵਜਦਾ ਰਹਿੰਦਾ ਹੈ। ਨਾਮ ਨੂੰ ਸ਼ਬਦ ਕਹਿਕੇ ਵੀ ਯਾਦ ਕੀਤਾ ਗਿਆ ਹੈ। ਅਸੀ ਕਾਫੀ ਸਤਿਸੰਗਾਂ ਵਿਚ ਅਪੀਲ ਵੀ ਕੀਤੀ ਹੈ ਕਿ ਜਿਨਾਂ ਚਿਰ ਤਕ ਅਸੀ ਕਿਸੇ ਨਾਮੀ ਪੁਰਖ ਪਾਸੋਂ ਨਾਮ ਦੀ ਪ੍ਰਾਪਤੀ ਨਹੀ ਕਰ ਲੈਂਦੇ ਉਨਾਂ ਚਿਰ ਤੀਕਰ ਸਾਨੂੰ ਇਸ ਜਾਮੇ ਤੋਂ ਛੁਟਕਾਰਾ ਹਰਗਿਜ਼ ਹਾਸਿਲ ਨਹੀ ਹੋ ਸਕਦਾ। ਨਾਮ ਨੂੰ ਹੋਰ ਅਨੇਕਾਂ ਮਹਾਤਮਾ ਨੇ ਵੀ ਆਪਣੇ -ਆਪਣੇ ਢੰਗਾਂ ਨਾਲ ਯਾਦ ਕੀਤਾ ਹੈ ਜਿਸ ਤਰ੍ਹਾਂ ਕਿ ਗੁਰ ਕੀ ਬਾਣੀ, ਧੁਰ ਕੀ ਬਾਣੀ, ਨਿਰਮਲ ਬਾਣੀ, ਹਾਕਮ, ਅਮਰ ਕਥਾ, ਅਕੱਥਾ, ਰਾਮੈ ਰਾਮੈ, ਰਾਮਾਨਦ, ਹੋਲੀਏ ਕੀਰਤਨ, ਅਸਾਮੇ ਆਜ਼ਮ, ਹੋਲੀਏਗੋਸ਼ਟ, ਜਾਪ ਤਾਪ ਪੂਜਾ, ਪੁੰਨਦਾਨ, ਬਾਂਗੇ ਅਸਮਾਨੀ, ਮੁਕਾਮੇ ਅਹਕ। ਅਨੇਕਾਂ ਮਜ਼੍ਹਬਾਂ ਜਾਂ ਕੌਮਾਂ ਅੰਦਰ ਸੰਤ ਮਹਾਤਮਾ ਆਏ ਸਾਰਿਆਂ ਨੇ ਆਪਣੇ ਉਪਦੇਸ਼ ਦੇ ਅੰਦਰ ਸਾਨੂੰ ਉਸ ਪ੍ਰਮਾਤਮਾ ਦੀ ਅੰਸ਼ ਜਾਂ ਸੰਤਾਨ ਕਹਿ ਕੇ ਯਾਦ ਕੀਤਾ। ਸਾਂਡੇ ਸਾਰਿਆਂ ਲਈ ਜੋ ਸੰਦੇਸ਼ ਹੈ ਉਹ ਕੇਵਲ ਇਕ ਆਤਮਾ ਅਤੇ ਪ੍ਰਮਾਤਮਾ ਦਾ ਹੁੰਦਾ ਹੈ, ਉਹਦੇ ਵਿਚ ਸਾਨੂੰ ਜੋ ਰੁਕਾਵਟ ਅਤੇ ਮੁਸ਼ਕਿਲ ਦੀਵਾਰ ਦੀ ਤਰ੍ਹਾਂ ਪੈਦਾ ਹੋਣ ਵਾਲੀ ਚੀਜ਼ ਹੈ, ਉਹ ਕੇਵਲ ਸਾਡਾ ਆਪਣਾ ਮਨ ਹੈ। ਨਾਮ ਦੀ ਪ੍ਰਾਪਤੀ ਨਾ ਅਜ ਤਕ ਕਿਸੇ ਨੂੰ



ਬਾਹਰੋਂ ਹੋਈ ਹੈ ਨਾ ਹੋਵੇਗੀ ਔਰ ਨਾ ਹੀ ਕਿਸੇ ਨੂੰ ਹੋ ਸਕਦੀ ਹੈ। ਨਾਮ ਐਵੇਂ ਨਹੀਂ ਮਿਲਦਾ। ਜੇਕਰ ਨਾਮ ਅਲਫਾਜ਼ ਹੁੰਦਾ ਤਾਂ ਕਿਤਾਬਾਂ ਭਰੀਆਂ ਪਈਆਂ ਸਨ। ਨਾਮ ਜੇ ਐਵੇਂ ਮਿਲ ਜਾਂਦਾ ਹੁੰਦਾ ਤਾਂ ਕੀ ਜਰੂਰਤ ਸੀ ਗੁਰੂ ਅਮਰਦਾਸ ਜੀ ਨੂੰ 12 ਸਾਲ ਪੁਠੇ ਪੈਰੀ ਪਾਣੀ ਢੋਵਣ ਦੀ। ਜੇ ਨਾਮ ਐਵੇਂ ਮਿਲ ਜਾਂਦਾ ਤਾਂ ਕੀ ਲੋੜ ਸੀ ਸੁਖਦੇਵ ਮੁਨੀ ਨੂੰ ਰਾਜਾ ਜਨਕ ਦੀਆਂ ਜੂਠੀਆਂ ਪਤਲਾਂ'ਚ ਬਾਰਾਂ ਸਾਲ ਇਕ ਲੱਤ ਤੇ ਖੜੇ ਹੋਵਣ ਦੀ। ਨਾਮ ਇਕ ਉਹ ਖਜ਼ਾਨਾ ਹੈ, ਇਕ ਉਹ ਸੱਚਾ ਧੰਨ ਹੈ ਜਿਹੜਾ ਜੁਗਾਂ ਜੁਗੰਤਰਾਂ ਤੋਂ ਚਲਦਾ ਆਇਆ ਹੈ ਔਰ ਉਹਦਾ ਕੋਈ End ਨਹੀ ਔਰ ਨਾ ਹੀ ਉਹਦੇ ਵਿਚ ਕਦੇ ਕੋਈ ਕਮੀ ਆਈ ਹੈ। ਰਾਮ, ਅਲ੍ਹਾ, ਈਸ਼ਵਰ, ਵਾਹਿਗੁਰੂ, ਸਭ ਉਹਦੇ ਨਾਮ ਹਨ। ਪਰ ਅਜ ਦੇ ਦੌਰ ਭਾਵ ਸਮੇਂ ਵਿਚ ਅਸੀਂ ਲਫਜ਼ੀ ਝਗੜੇ ਖੜੇ ਕੀਤੇ ਹੋਏ ਹਨ। ਰਾਮ ਨਾਮ ਦੀ ਮਹਿਮਾ ਜੋ ਹੈ ਉਹ ਸਾਡੇ ਵੇਦਾਂ ਕਤੇਬਾਂ ਅੰਤੇ ਪੁਰਾਤਨ ਕਾਲ ਦੇ ਸੰਤਾਂ ਮਹਾਤਮਾਂ ਨੇ ਬੜੀ ਉਤਮ ਅਤੇ ਸ੍ਰੇਸ਼ਟ ਜਾਣੀ ਹੈ।

ਸਮੇਂ ਸਮੇਂ ਦੇ ਅਨੁਸਾਰ ਸਾਨੂੰ ਜਾਨਣਾ ਬਹੁਤ ਜਰੂਰੀ ਹੈ ਭਾਵ ਜਿਸ ਤਰ੍ਹਾਂ ਅਸੀ ਜਿਹੜੇ ਦੇਸ਼ ਵਿਚ ਰਹਿੰਦੇ ਹਾਂ ਸਾਨੂੰ ਉਸੇ ਦੇਸ਼ ਦਾ ਕਰੰਸੀ ਭਾਵ ਪੈਸਾ ਬਰਤਣਾ ਪੈਂਦਾ ਹੈ। ਇਸੇ ਤਰ੍ਹਾਂ ਹੀ ਪ੍ਰਮਾਤਮਾ ਦਾ ਜ ਘਰ ਹੈ, ਜਾਂ ਦੇਸ਼ ਹੈ ਉਹਦੀ ਜ ਕਰੰਸੀ ਹੈ ਜਿਸ ਨੂੰ ਅਸੀ ਖਰਚਣਾ ਹੈ ਉਹ ਕੇਵਲ ਇਕ ਨਾਮ ਹੈ। ਨਾਮ ਦੇ ਕੋਈ ਅਲਫਾਜ਼ ਨਹੀ ਹਨ ਔਰ ਨਾ ਅਲਫਾਜ਼ਾਂ ਅੰਦਰ ਅਜ ਤਕ ਕਿਸੇ ਨੂੰ ਹਾਸਿਲ ਹੋਇਆ ਹੈ। ਨਾਮ ਦੀ ਪ੍ਰਾਪਤੀ ਲਈ ਪਲਟੂ ਸਾਹਿਬ ਜੀ ਵੀ ਬਿਆਨ ਕਰਦ ਹਨ :-

*ਸੰਤਾਂ ਸਨੇਹੀ ਨਾਮ ਹੈ, ਨਾਮ ਸਨੇਹੀ ਸੰਤ,*
*ਸੰਤ ਸਨੇਹੀ ਨਾਮ, ਨਾਮ ਕੋ ਸੰਤ ਮਿਲਾਵਤ,*



*ਵੋ ਵਾਕਿਫ ਕਾਰ ਹੈਂ ਵੋ ਰਾਹ ਬਤਲਾਵਣ।*

ਆਪ ਬਹੁਤ ਉਚ ਕੋਟੀ ਦੇ ਮਹਾਤਮਾ ਹੋਏ ਹਨ। ਆਪਣੇ ਉਪਦੇਸ਼ ਰਾਹੀਂ ਉਹ ਇਹ ਬਿਆਨ ਕਰ ਰਹੇ ਹਨ ਕਿ ਸੰਤ ਹਮੇਸ਼ਾਂ ਹੀ ਧਰਤੀ ਤੇ ਨਾਮ ਰੂਪੀ ਹੱਟੀ ਲੈ ਕੇ ਆਉਂਦੇ ਹਨ, ਔਰ ਜੀਵ ਆਤਮਾ ਨੂੰ ਨਾਮ ਦੇ ਕੇ ਉਹਨਾਂ ਨੂੰ ਇਸ ਬੰਧਨ ਭਾਵ 84 ਦੇ ਜੇਲ੍ਹ ਖਾਨੇ ਦੇ ਪਿੰਜਰੇ ਚੋਂ, ਇਸ ਮਾਤ ਲੋਕ ਤੋਂ ਸਦਾ ਦੇ ਲਈ ਅਜ਼ਾਦੀ ਦੁਆ ਦਿੰਦੇ ਹਨ।

*''ਦਾਦੂ ਦੇਖੀ ਦੀਦਾ, ਸਭ ਕਹਤ ਸੁਣੀ ਦਾ।''*

ਦਾਦੂ ਸਾਹਿਬ ਮੁਸਲਮਾਨ ਫਕੀਰ ਹੋਏ ਹਨ ਉਹ ਵੀ ਸਾਨੂੰ ਇਹੀ ਸਮਝਾਉਂਦੇ ਹਨ ਕਿ ਰੂਹਾਨੀ ਮੰਡਲਾਂ ਵਿਚ ਅਨੇਕਾਂ ਚੀਜ਼ਾਂ ਨੂੰ ਜਾਣਿਆ, ਸਮਝਿਆ, ਸੁਣਿਆ, ਦੇਖਿਆ, ਪਰ ਉਸਦਾ ਭੇਦ ਬਿਆਨ ਨਾ ਕੀਤਾ ਗਿਆ। ਜਿਹੜੇ ਲੋਕ ਉਸ ਪ੍ਰਮਾਤਮਾ ਦੇ ਘਰ ਜਾਂ ਉਸ ਪ੍ਰਮਾਤਮਾ ਨੂੰ ਤੱਕ ਲੈਂਦੇ ਹਨ ਉਨ੍ਹਾਂ ਦਾ ਹਾਲ ਇਕ ਵਿਆਹੁਤਾ ਔਰਤ ਵਾਂਗ ਹੋ ਜਾਂਦਾ ਹੈ। ਪਿਛਲੇ ਸਤਿਸੰਗ ਵਿਚ ਵੀ ਅਸਾਂ ਅਪੀਲ ਕੀਤੀ ਸੀ ਕਿ ਜਿਸ ਤਰ੍ਹਾਂ ਮਹਿੰਦੀ ਵਿਚ ਰੰਗਤ ਹੁੰਦੀ ਹੈ ਪਰ ਉਸਦਾ ਰਗੜਨ ਤੋਂ ਪਤਾ ਲਗਦਾ ਹੈ, ਗੰਨੇ ਵਿਚ ਮਿਠਾਸ ਹੁੰਦੀ ਹੈ ਪਰ ਚੂਸਣ ਤੋਂ ਪਤਾ ਲਗਦਾ ਹੈ, ਦੁਧ ਵਿਚ ਘਿਉ ਹੁੰਦਾ ਹੈ ਪਰ ਉਹ ਮਾਥਨ ਕਰਨ ਤੋਂ ਪਤਾ ਲਗਦਾ ਹੈ ਵੈਸੇ ਨਜ਼ਰ ਨਹੀਂ ਆਉਂਦਾ ਇਸ ਤਰ੍ਹਾਂ ਹੀ ਕਣ ਕਣ ਦੇ ਵਿਚ ਰਬ ਵਸਦਾ ਹੈ ਨਜ਼ਰ ਨਹੀਂ ਆਉਂਦਾ। ਰਬ ਨਾ ਕਿਸੇ ਨੂੰ ਬਾਹਰੋਂ ਮਿਲਿਆ ਹੈ ਨਾ ਮਿਲੇਗਾ ਔਰ ਨਾ ਹੀ ਮਿਲ ਸਕਦਾ ਹੈ। ਜੇ ਕਿਤੇ ਬਾਹਰ ਜੰਗਲਾਂ, ਬੇਲਿਆਂ 'ਚ ਜਾਂ ਕਿਸੇ ਐਸੇ ਮਿਥੇ ਹੋਏ ਟਿਕਾਣੇ'ਚ, ਕਿਸੇ ਮੰਦਰ ਮਸੀਤ ਵਿਚ, ਕਿਸੇ ਧਰਮ ਸਥਾਨ ਦੇ ਅੰਦਰ ਜਾਂ ਕਿਸੇ ਧਰਮ ਗਰੰਥ ਦੇ ਅੰਦਰ ਹੁੰਦਾ ਤਾਂ ਅਜ ਦੇ ਸਮੇਂ ਵਿਚ ਜਾਂ ਅਜ ਤੋਂ ਪਹਿਲਾਂ ਇਹ ਨਵੀਆਂ ਨਵੀਆਂ ਰਚਨਾ, ਨਾ ਪੈਦਾ ਕੀਤੀਆ ਜਾਂਦਾਆ। ਬਾਹਰ ਜਦ ਰਬ ਹੈ ਹੀ ਨਹੀਂ ਤਾਂ ਮਿਲੇਗਾ ਕਿਥੋਂ? ਜੇ ਹੁੰਦਾ ਤਾਂ ਉਹ ਜਰੂਰ ਕਿਸੇ ਸੜਕ ਤੇ

ਮਿਲ ਪੈਂਦਾ, ਕਿਤੇ ਟੈਕਸੀ ਸਟੈਂਡ ਤੇ ਮਿਲ ਪੈਂਦਾ ਕਿਸੇ ਬਸ ਸਟੈਂਡ ਤੇ ਮਿਲ ਪੈਂਦਾ, ਕਿਸੇ ਰੇਲਵੇ ਸਟੇਸ਼ਨ ਤੇ ਮਿਲ ਪੈਂਦਾ। ਉਹ ਤਾਂ ਸਾਡੇ ਸਰੀਰ ਅੰਦਰ ਵਸਦਾ ਹੈ ਬਾਹਰ ਕਿਤੇ ਨਹੀਂ ਔਰ ਹਰ ਮਹਾਂਪੁਰਖ ਨੇ ਦਸਿਆ ਹੈ ਕਿ ਸਾਡੇ ਇਸ ਸਰੀਰ ਰੂਪੀ ਹਰੀਮੰਦਰ ਵਿਚ ਉਸਦਾ ਸਥਾਨ ਹੈ ਜੋ ਪਵਿਤਰ, ਉੱਚਾ ਔਰ ਸ੍ਰੇਸ਼ਟ ਹੈ ਜਿਸਨੂੰ ਉਸਨੇ ਖੁਦ ਆਪ ਬਣਾਇਆ ਹੈ। ਤੁਸਾਂ ਉਸਦੇ ਰਹਿਣ ਵਾਸਤੇ ਜਿਨ੍ਹੇ ਵੀ ਟਿਕਾਣੇ ਬਣਾਏ ਹਨ ਉਹ ਆਪਣੇ ਹਥਾਂ ਨਾਲ ਤੁਸਾਂ ਇੱਟਾਂ ਪਥਰਾਂ ਦੇ ਬਣਾਏ ਹਨ ਔਰ ਆਪਣੇ ਕੋਲੋਂ ਹੀ ਤੁਸਾਂ ਧੰਨ ਖਰਚਿਆ ਹੈ। ਉਹ ਤੁਹਾਡਾ ਠੀਕ ਹੈ ਜਾਂ ਨਹੀਂ, ਇਕ ਨੰਬਰ ਦਾ ਹੈ ਜਾਂ ਦੋ ਨੰਬਰ ਦਾ ਹੈ, ਤੁਸੀਂ ਜਿਹੜਾ ਪੈਸਾ ਲਾ ਰਹੇ ਹੋ ਉਹ ਚੋਰੀ ਦਾ ਹੈ ਜਾਂ ਠੱਗੀ ਦਾ ਹੈ ਉਹ ਸਿਰਫ ਤੁਹਾਨੂੰ ਪਤਾ ਹੈ। ਪਰ ਰਬ ਨੇ ਇਸ ਪੰਜ ਤੱਤ ਦੇ ਪੁਤਲੇ ਨੂੰ ਬਨਾਵਣ ਲਈ ਕੋਈ ਚੋਰੀ, ਕੋਈ ਠਗੀ ਕੋਈ ਹੇਰਾਫੇਰੀ, ਕੋਈ ਝੂਠ ਤੇ ਕੋਈ ਸਚ ਦੀ ਤੁਲਨਾ ਨਹੀਂ ਕੀਤੀ।



ਪੰਜ ਤਤ ਹੀ ਅਜ ਹਨ ਔਰ ਪੰਜ ਤਤ ਹੀ ਜੀਵ'ਚ ਸ਼ੁਰੂ ਤੋਂ ਚਲੇ ਆ ਰਹੇ ਹਨ। ਕਲ੍ਹ ਅਸੀ ਇਕ ਥਾਂ ਤੇ ਗਲਬਾਤ ਕਰਦਿਆਂ ਕਿਹਾ ਸੀ ਕਿ ''ਪੀਸ ਔਨ ਦਾ ਅਰਥ'' ਤਾਂ ਨਹੀਂ ਹੋ ਸਕਦਾ ਪਰ ''ਪੀਸ ਔਨ ਦਾ ਸਕਾਈ'' ਜਰੂਰ ਹੈ। ਇਕ ਵਾਰ ਦੀ ਗਲ ਹੈ ਕਿ ਇਕ ਆਦਮੀ ਸੀ ਜੋ ਬਹੁਤ ਹੀ ਗਰੀਬ ਸੀ। ਇਕ ਵਾਰੀ ਉਸਨੂੰ ਸ਼ਹਿਰ ਆਵਣ ਦਾ ਮੌਕਾ ਮਿਲਿਆ ਸਾਹੂਕਾਰ ਕੋਲੋਂ ਉਸਨੇ ਕਰਜਾ ਲੈ ਰਖਿਆ ਸੀ। ਉਸ ਕਰਜੇ ਨੂੰ ਜਦ ਉਹ ਵਾਪਸ ਕਰਨ ਸਾਹੂਕਾਰ ਪਾਸ ਗਿਆ ਤਾਂ ਸਾਹੂਕਾਰ ਆਪਣੇ ਕਮਰੇ ਵਿਚ ਬੈਠਾ ਸੀ। ਉਸਦਾ ਕਮਰਾ ਬੜਾ ਠੰਡਾ ਸੀ ਔਰ ਬੜੀ ਠੰਡੀ ਠੰਡੀ ਉਥੇ ਹਵਾ ਸੀ। ਉਹ ਗਰੀਬ ਆਦਮੀ ਵੇਖਕੇ ਬੜਾ ਹੈਰਾਨ ਹੋਇਆ ਕਿ ਬਾਹਰ ਇੰਨੀ ਸਖਤ ਧੁੱਪ ਪੈ ਰਹੀ ਏ ਜਿਸ ਨਾਲ ਥਲਿਉਂ ਪੈਰ ਸੜ ਰਹੇ ਹਨ ਔਰ, ਉੱਤੋਂ ਸਿਰ ਧੁੱਪ ਦੀ ਗਰਮੀ ਨਾਲ ਸੜ ਰਿਹਾ ਹੈ। ਪਰ ਇਸ ਕਮਰੇ ਵਿਚ ਕੀ ਗਲ ਹੈ? ਜਿਸ ਕਰਕੇ ਇਹ ਇੰਨਾ ਠੰਡਾ ਹੈ। ਉਹ ਆਦਮੀ ਲਾਲੇ ਨੂੰ ਪੁਛਣ ਲਗਾ ਕਿ ਸੇਠ ਸਾਹਿਬ ਇਹ ਕੀ ਕਾਰਨ ਹੈ? ਜਿਸ ਕਰਕੇ ਤੁਹਾਡਾ ਕਮਰਾ ਇੰਨਾ ਠੰਡਾ ਹੈ। ਅਗੋਂ ਉਨ੍ਹਾਂ ਏਅਰ ਕੰਡੀਸ਼ਨ ਵਲ ਇਸ਼ਾਰਾ ਕੀਤਾ। ਫਿਰ ਇਤਫਾਕ ਨਾਲ ਉਸਨੂੰ ਸਰਦੀਆਂ'ਚ ਜਾਣ ਦਾ ਮੌਕਾ ਮਿਲਿਆ ਤਾਂ ਉਸਨੇ ਵੇਖਿਆ ਕਿ ਸਰਦੀ ਕਾਰਨ ਬਾਹਰ ਠੰਡ ਨਾਲ ਹਥ, ਪੈਰ ਸੁੰਨ ਹੋ ਰਹੇ ਹਨ, ਕਕੱਰ ਪਿਆ ਹੋਇਆ ਹੈ ਪਰ ਲਾਲਾ ਜੀ ਦਾ ਕਮਰਾ ਗਰਮ ਹੈ। ਉਸ ਆਦਮੀ ਨੇ ਕਿਹਾ ਕਿ ਲਾਲਾ ਜੀ ਇਹ ਕੀ ਗਲ ਹੈ? ਉਸਨੇ ਫਿਰ ਉਸੇ ਪਾਸੇ ਇਸ਼ਾਰਾ ਕੀਤਾ। ਗਰੀਬ ਆਦਮੀ ਵੇਖਕੇ ਬੜਾ ਹੈਰਾਨ ਹੋਇਆ ਅਖੀਰ ਉਸਨੇ ਸੋਚਿਆ ਕਿ ਸ਼ਾਇਦ ਇਹ ਮਸ਼ੀਨਾਂ ਗਰਮ ਠੰਡੀਆਂ ਕਰਦੀਆਂ ਹਨ ਪਰ ਇਹਨਾਂ ਨੂੰ ਗਰਮ ਠੰਡਾ ਕਰਨ ਵਾਲਾ ਇਕੋ ਸਵਿਚ (switch) ਹੈ ਜਿਹੜਾ ਮਸ਼ੀਨ ਨੂੰ ਗਰਮ ਠੰਡਿਆਂ ਕਰਦਾ ਹੈ। ਲਾਲੇ ਨੂੰ ਉਹ ਪੁਛਣ ਲਗਾ ਕਿ ਲਾਲਾ ਜੀ ਕੀ ਇਹ ਇਕੋ ਹੀ ਚੀਜ ਹੈ? ਉਨ੍ਹਾਂ ਅਗੋਂ ਜਵਾਬ ਦਿੱਤਾ ਕਿ ਚੀਜ ਇਹ ਇਕੋ ਹੀ ਹੈ ਔਰ ਕਰੰਟ ਵੀ ਪਿਛੋਂ ਇਕੋ ਹੀ ਹੈ। ਪਰ ਉਸ ਮਨਮੁਖ ਅੰਦਰ ਇਹ ਵਿਚਾਰ ਨਾ ਆਇਆ ਕਿ ਠੰਡਾ, ਗਰਮ ਕਰਨ ਵਾਲੀਆਂ ਮਸ਼ੀਨਾਂ ਹਨ..., ਸਵਿਚ ਜਾਂ ਬਿਜਲੀ ਨਹੀਂ। ਇਸੇ ਤਰ੍ਹਾਂ ਹੀ ਸਾਡੇ ਅੰਦਰ ਜੋ ਕਰੰਟ ਹੈ ਉਹ ਹੈ ਤਾਂ ਇਕੋ ਹੀ ਪਰ ਗਰਮ ਠੰਡੇ ਜਿਹੜਾ ਅਸੀ ਹੁੰਦੇ ਰਹਿੰਦੇ ਹਾਂ ਇਹ ਸਾਡਾ ਸਮੇਂ-ਸਮੇਂ ਦੀ ਨਜਾਕਤ ਦਾ ਮਹੌਲ ਹੈ। ਜਿਸ ਤਰ੍ਹਾਂ ਮਾਂ ਬੱਚੇ ਨੂੰ ਗਾਲਾਂ ਕਢਦੀ ਹੁੰਦੀ ਹੈ ਅਗੋਂ ਬੱਚਾ ਚੁਪ ਕਰਕੇ ਖਾਈ ਜਾਂਦਾ ਹੈ ਕਹਿੰਦਾ ਕੁਝ ਨਹੀਂ ਕਿਉਂਕਿ ਉਹ ਉਸ ਵਕਤ ਬੱਚਾ ਹੁੰਦਾ ਹੈ ਪਰ ਜਦ ਉਹੀ ਬੱਚਾ ਥੋੜਾ ਜਵਾਨ ਹੋ ਜਾਂਦਾ ਹੈ ਤਾਂ ਫਿਰ ਉਹ ਆਪਣੀ ਇਜ਼ਤ ਸਮਝਣ ਲਗ ਪੈਂਦਾ ਹੈ। ਤਾਂ ਮਾਂ ਅਗੇ ਉਹ ਬੋਲ ਵੀ ਪੈਂਦਾ ਹੈ ਔਰ ਹੱਥ ਵੀ ਚੁਕ

ਲੈਂਦਾ ਹੈ, ਇਸੇ ਤਰ੍ਹਾਂ ਪਿਉ ਅਗੇ ਵੀ ਕਰਦਾ ਹੈ। ਸੋ ਉਹਦਾ ਰਬੀ ਕਰੰਟ ਨਹੀਂ ਬਦਲਿਆ ਸਿਰਫ ਉਹਦੀ ਰਹਿਣੀ ਬਹਿਣੀ ਔਰ ਸਮੇਂ ਦੇ ਪੁਰਜੇ ਏਅਰਕੰਡੀਸ਼ਨ ਮਸ਼ੀਨ ਵਾਂਗ ਬਦਲ ਗਏ। ਇਸ ਤਰ੍ਹਾਂ ਹੀ ਅਸੀਂ ਜਦੋਂ ਆਪਣੇ ਜੀਵਨ ਦੀ ਰਹਿਣੀ ਬਹਿਣੀ ਬਦਲ ਲੈਂਦੇ ਹਾਂ ਤਾਂ ਉਸ ਵਕਤ ਸਾਡੇ ਕੋਲੋਂ ਪ੍ਰਮਾਤਮਾ ਦਾ ਨਾਮ ਖੁਸ ਜਾਂਦਾ ਹੈ ਔਰ ਪ੍ਰਮਾਤਮਾ ਦੀ ਯਾਦ ਸਾਡੇ ਤੋਂ ਦੂਰ ਹੋ ਜਾਂਦੀ ਹੈ ਜਿਸ ਕਰਕੇ ਅਸੀਂ ਉਸ ਜਦੋ ਜਹਿਦ ਵਿਚ ਪੈ ਜਾਂਦੇ ਹਾਂ ਜਿਸ ਨਾਲ ਸਾਡੀ ਆਤਮਾ ਅਤੇ ਸਰੀਰ ਨੂੰ ਕੋਈ ਵੀ ਸੁਖ ਅਤੇ ਅਰਾਮ ਨਹੀਂ ਮਿਲਦਾ ਬਲਕਿ ਤਲਖੀ ਪੈਦਾ ਹੁੰਦੀ ਹੈ, ਮਰ ਮਿਟ ਜਾਵਣ ਦਾ, ਘਰ ਬਾਹਰ ਛੱਡ ਜਾਵਣ ਦਾ, ਆਪਣੇ ਆਪਨੂੰ ਇਕਲਿਆਂ ਦੂਰ ਲਿਜਾਵਣ ਦਾ ਉਤਾਵਲਾਪਨ ਅੰਦਰ ਪੈਦਾ ਹੋ ਜਾਂਦਾ ਹੈ। ਜਿਸ ਕਰਕੇ ਸਾਨੂੰ ਕੋਈ ਵੀ ਚੀਜ ਚੰਗੀ ਨਹੀਂ ਲਗਦੀ। ਨਾਮ ਦੇ ਸੁਨੇਹੇ ਅੰਦਰ ਬੁਲੇਸ਼ਾਹ ਵੀ ਫੁਰਮਾਨ ਕਰਦੇ ਹਨ :-

*ਵੇਦ ਪੁਰਾਨਾਂ ਪੜ੍ਹ ਪੜ੍ਹ ਥਕੇ,*
*ਸਜ਼ਦਾ ਕਰ ਕਰ ਘਸ ਗਏ ਮਥੇ।*
*ਨਾ ਰਬ ਤੀਰਥ ਨਾ ਰਬ ਮੱਕੇ,*
*ਜਿਸਨੇ ਪਾਇਆ ਨੂਰੇ ਈਲਾਹੀ।*

ਇਸੇ ਤਰ੍ਹਾਂ ਬੁਲੇਸ਼ਾਹ ਫਿਰ ਫੁਰਮਾਨ ਕਰਦੇ ਹਨ ਕਿ :-

*ਰੰਘੜ ਨਾਲੋਂ ਖਿੰਘਰ ਚੰਗਾ,*
*ਜਿਸ ਤੇ ਪੈਰ ਘਿਸਾਈਦਾ।*
*ਬੁਲੇਸ਼ਾਹ ਜੇ ਤੂੰ ਰਬ ਨੂੰ ਪਾਣਾ,*
*ਬਕਰਾ ਬਣ ਕਸਾਈ ਦਾ।*

ਫਿਰ ਆਪਹੀ ਫੁਰਮਾਨ ਕਰਦੇ ਹਨ:-

*ਬੁਲੇ ਨਾਲੋਂ ਚੁਲ੍ਹਾ ਚੰਗਾ,*
*ਜਿਸਤੇ ਤੌਣ ਪਕਾਈਦਾ।*
*ਬੈਠ ਫਕੀਰਾਂ ਮਜਲਸ ਕੀਤੀ,*
*ਭੋਰਾ ਭੋਰਾ ਵਰਤਾਈਦਾ।*

ਮਜਲਸ ਤੋਂ ਭਾਵ ਹੈ ਮੀਟਿੰਗ। ਮਤਲਬ ਕਿ ਉਨ੍ਹਾਂ ਕੋਈ ਮੀਟਿੰਗ ਕੀਤੀ ਕਿ ਬੈਠ ਕੇ ਸਭ ਨੂੰ ਭੋਰਾ ਭੋਰਾ ਵਰਤਾਉ। ਜਿਸ ਤੋਂ ਭਾਵ ਹੈ ਕਿ ਰਬ ਦਾ ਵੀ ਜੋ ਤਰੀਕਾ ਹੈ ਉਹ ਵੀ ਭੋਰਾ ਭੋਰਾ ਕਰਕੇ ਵਰਤਾਉਣ ਦਾ ਹੈ। ਜਿਸ ਤਰ੍ਹਾਂ ਕਿ ਕਹਿੰਦੇ ਹਨ "ਸਾਸ ਸਾਸ ਸਿਮਰੰ ਗੋਬਿੰਦ"। ਸਾਹ ਇਕ ਆਇਆ, ਦੋ ਆਏ, ਤਿੰਨ ਆਏ ਕਹਿੰਦੇ ਹਨ ਕਿ ਖਤਮ ਹੋ ਗਿਆ ਭਾਵ ਮਰ ਗਿਆ। ਇਸੇ ਤਰ੍ਹਾਂ ਸਾਡੇ ਜੀਵਨ ਦਾ ਇਸ ਸਰੀਰ ਵਿਚ ਜਿਨ੍ਹਾਂ ਵੀ ਢਾਂਚਾ ਹੈ ਉਹ ਕੇਵਲ ਪ੍ਰਮਾਤਮਾ ਦੀ ਯਾਦ ਵਾਸਤੇ ਹੈ ਔਰ ਸਾਡੀ ਬਾਹਰੀ ਬਣਤਰ, ਸਾਡੇ ਬਾਹਰੀ ਸਤਿਕਾਰ ਭਾਵ ਝੂਠੀ ਮਾਣ ਮਰਿਯਾਦਾ ਅਤੇ ਝੂਠੀ ਸ਼ਾਨ ਵਾਸਤੇ ਹੈ। ਕੋਈ ਵੀ ਮਹਾਂਪੁਰਖ ਪ੍ਰਾਚੀਨ ਕਾਲ ਤੋਂ ਲੈ ਕੇ ਹੁਣ ਤਕ ਸਾਨੂੰ ਇਹ ਨਹੀਂ ਆਖਦਾ ਕਿ ਤੁਸੀਂ ਆਹ ਨਾ ਕਰੋ, ਔਹ ਨਾ ਕਰੋ ਸਿਵਾਏ ਇਕ ਨਾਮ ਦੇ ਹੋਕੇ ਤੋਂ। ਉਨ੍ਹਾਂ ਦੇ ਸੁਨੇਹਿਆਂ ਦੇ ਅੰਦਰ, ਉਨ੍ਹਾਂ ਕਥਨਾਂ ਦਾ ਇੰਨਾ ਕੁ ਖਿਆਲ ਅਤੇ ਬਲ ਹੁੰਦਾ ਹੈ ਕਿ ਇਨਸਾਨ ਖੁਦ ਬੁਰੇ ਕੰਮਾਂ ਦਾ ਤਿਆਗ ਕਰਨ ਲਈ ਮਜ਼ਬੂਰ ਹੋ ਜਾਂਦਾ ਹੈ। ਕੋਈ ਵੀ ਦੁਨੀਆਂ ਦੀ ਚੀਜ ਜਦ (function) ਕਰਦੀ ਹੈ ਤਾਂ ਉਹਦੇ ਵਿਚ ਖਰਾਬੀ ਆਉਂਦੀ ਹੈ ਔਰ ਉਸ ਖਰਾਬੀ ਨੂੰ ਦੂਰ ਕਰਨ ਵਾਸਤੇ ਕਿਸੇ ਯੰਤਰ ਦਾ ਸਹਾਰਾ ਲੈਣਾ ਪੈਂਦਾ ਹੈ। ਇਹ ਸਰੀਰ ਦੇ ਜੋ Elements ਹਨ, ਜਿਸ਼ ਤਰ੍ਹਾਂ ਹਵਾ ਹੈ, ਅਗ ਹੈ, ਪਾਣੀ ਹੈ। ਅਜਕਲ ਜੇ ਸਰੀਰ ਦੀ ਮਿੱਟੀ ਵੀ ਖਰਾਬ ਹੋ ਜਾਏ ਤਾਂ ਕਹਿੰਦੇ ਹਨ ਕਿ ਸਰਜਰੀ ਕਰਕੇ ਠੀਕ ਕਰ ਲਿਆ ਜਾਂਦਾ ਹੈ, ਹਵਾ ਦਾ ਦਬਾਵ ਘਟ ਜਾਏ ਤਾਂ ਆਕਸੀਜਨ ਦੀਆਂ ਮਸ਼ੀਨਾਂ ਲਾ ਦਿੱਤੀਆਂ ਜਾਂਦੀਆਂ ਹਨ, ਪਾਣੀ ਦੀ ਸਰੀਰ'ਚ ਕਮੀ ਆ ਜਾਏ ਤਾਂ ਗੁਲੂਕੋਜ਼ ਚੜ੍ਹਾ ਦਿੱਤਾ ਜਾਂਦਾ ਹੈ ਜੇ ਇਸ ਵਿੱਚ ਅਗਨੀ ਭਾਵ ਗਰਮੀ ਦੀ ਕਮੀ ਆ ਜਾਵੇ ਤਾਂ Tonic ਦੇ ਕੇ ਸਰੀਰ'ਚ ਗਰਮੀ ਪੂਰੀ ਕੀਤੀ ਜਾਂਦੀ ਹੈ। ਪਰ ਬੁਧੀ ਦੇਵਣ ਦਾ ਅਜ ਤਕ ਕਿਸੇ ਵਿਗਿਆਨੀ ਜਾਂ ਕਿਸੇ ਡਾਕਟਰ ਪਾਸ ਗਿਆਨ ਨਹੀਂ ਹੈ। ਅਜ ਤਕ ਬੁਧੀ ਨਾ ਕਿਸੇ ਨੂੰ ਉਨ੍ਹਾਂ ਫੀਟ (Fit) ਕੀਤੀ ਔਰ ਨਾ ਕਰ ਸਕੇ। ਜਿਹੜੀ ਰਹਿਮਤ ਹੈ ਉਸਦਾ ਕੋਈ ਫਰਕ ਨਹੀਂ ਹੈ। ਉਹ ਚੋਰ ਤੇ ਵੀ ਉਹੋ ਹੀ ਹੈ; ਸਾਧੂ ਤੇ ਵੀ ਉਹੋ ਹੀ ਹੈ, ਸ਼ੈਤਾਨ ਤੇ ਵੀ ਉਹੋ ਹੀ ਔਰ ਮਹਾਨ ਆਤਮਾ ਤੇ ਵੀ ਉਹੋ ਹੀ ਹੈ। ਉਹ ਬੁਧੀ ਦੀ ਦੇਣ ਪ੍ਰਮਾਤਮਾ ਪਾਸ Direct ਹੈ। ਉਹਦੇ ਜੋ ਮਾਲਕ ਨੇ ਸਵਾਮੀ ਨੇ, ਜਾਂ ਉਹਦੇ ਜੋ ਹੱਕਦਾਰ ਨੇ ਉਨ੍ਹਾਂ ਨੂੰ ਅਸੀ ਨਾਮੀ ਪੁਰਖ ਜਾਂ ਸੰਤ ਕਹਿਕੇ ਯਾਦ ਕਰਦੇ ਆਏ ਹਾਂ।

# ਅਮ੍ਰਿਤ ਬਰਖਾ

## ਮਹਾਰਾਜ ਤਰਲੋਚਨ ਦਰਸ਼ਨ ਦਾਸ ਜੀ–



## ਦੋ ਰਾਹਾਂ

ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

*"ਮੇਰੋ ਰਾਮ ਰਮਈਆ ਤੇਰਾ ਅੰਤ ਨਾ ਜਾਣਾ,*
*ਤੂੰ ਠਾਕੁਰ ਸਰਬ ਕਲਾਂ ਤੂੰ ਆਪੇ ਸਰਬ*
*ਸਮਾਣਾ"।।*

ਇਹ ਸੁੰਦਰ ਮੁੱਖਵਾਕ ਹਜ਼ੂਰ ਮਹਾਰਾਜ ਦਰਸ਼ਨ ਦਾਸ ਜੀ ਦੀ ਬਾਣੀ ਯਸ਼ਵੰਤੀ ਨਿਰਾਧਾਰ ਵਿਚੋਂ ਹੈ। ਹਜ਼ੂਰ ਮਹਾਰਾਜ ਜੀ ਆਪਣੇ ਸੁੰਦਰ ਮਜ਼ਮੂਨ ਰਾਹੀਂ ਸਾਨੂੰ ਜਗਤ ਦੇ ਜੀਵਾਂ ਨੂੰ ਉਸ ਪ੍ਰਮਾਤਮਾ ਦੇ ਬਾਰੇ ਸਮਝਾ ਰਹੇ ਹਨ ਕਿ ਪ੍ਰਮਾਤਮਾ ਬੇਅੰਤ ਹੈ। ਅਕਸਰ ਇਹ ਕਿਹਾ ਜਾਂਦਾ ਹੈ ਕਿ ਜੋ ਵੀ ਜੀਵ ਪ੍ਰਮਾਤਮਾ ਦੀ ਮਰਿਆਦਾ ਵਿਚ ਰਹਿ ਕੇ ਉਸਦਾ ਨਾਮ ਜਪਦਾ ਹੈ ਭਾਵ ਉਸ ਦੇ ਹੁਕਮ ਵਿਚ ਰਹਿ ਕੇ ਉਸਦਾ ਸਿਮਰਨ ਕਰਦਾ ਹੈ, ਉਸਨੂੰ ਉਹ ਪ੍ਰਮਾਤਮਾ ਮਿਲ ਜਾਂਦਾ ਹੈ। ਵੇਦਾਂ, ਗਰੰਥਾਂ ਵਿਚ ਵੀ ਇਹ ਲਿਖਿਆ ਮਿਲਦਾ ਹੈ ਤੇ ਇਤਿਹਾਸ ਵੀ ਇਸ ਗੱਲ ਦੀ ਗਵਾਹੀ ਦਿੰਦਾ ਹੈ। ਮਹਾਰਾਜ ਦਰਸ਼ਨ ਦਾਸ ਜੀ ਆਪਣੇ ਮੁੱਖਵਾਕ ਵਿਚ ਸਮਝਾਉਂਦੇ ਹਨ ਕਿ ਪ੍ਰਮਾਤਮਾ ਬੇਅੰਤ ਹੈ। ਉਸਦਾ ਕੋਈ ਅੰਤ ਨਹੀਂ ਹੈ, ਉਹ Endless ਹੈ। ਜਿਹੜਾ ਵੀ ਜੀਵ ਪ੍ਰਮਾਤਮਾ ਨੂੰ ਮਿਲਣ ਦੀ ਇੱਛਾ ਰੱਖਦਾ ਹੈ ਜਾਂ ਜਿਸਦੇ ਮਨ ਵਿਚ ਪ੍ਰਮਾਤਮਾ ਪ੍ਰਾਪਤੀ ਦੀ ਉਮੰਗ ਉਤਪੰਨ ਹੁੰਦੀ ਹੈ, ਉਸਦੇ ਮਨ ਦੀ ਜਗਿਆਸਾ, ਉਸ ਦੇ ਮਨ ਦੀ ਭੁੱਖ ਪ੍ਰਮਾਤਮਾ ਤੱਕ ਪਹੁੰਚਦੀ ਹੈ ਅਤੇ ਉਥੋਂ ਫੇਰ ਅਵਾਜ਼ ਆਉਂਦੀ ਹੈ ਕਿ ਜੇਕਰ ਮੈਨੂੰ ਮਿਲਣਾ ਚਾਹੁੰਦੇ ਹੋ ਤਾਂ ਧਰਮ ਦਾ ਰਸਤਾ ਅਖਤਿਆਰ ਕਰੋ। ਉਹ ਧਰਮ ਕਿਹੜਾ ਹੈ? "ਸੱਚ ਦਾ ਰਸਤਾ"। ਉਹ ਧਰਮ ਹੈ ਸੱਚਾਈ ਦਾ ਜਿਹੜਾ ਸਾਨੂੰ ਸਹੀ ਸੇਧ ਦੇਵੇਗਾ। ਸੁਖਮਣੀ ਸਾਹਿਬ ਵਿਚ ਵੀ ਲਿਖਿਆ ਹੈ ਕਿ:-

*"ਰੂਪ ਨਾ ਰੇਖ ਨਾ ਰੰਗ ਕਿਛੁ*
*ਤ੍ਰਿਹ ਗੁਣ ਤੇ ਪ੍ਰਭ ਭਿੰਨ"।।*

ਉਹ ਨਾ ਤਾਂ ਸਾਨੂੰ ਤਰਸਾਉਂਦਾ ਹੈ ਤੇ ਨਾ ਹੀਂ ਤੜਪਾਉਂਦਾ ਹੈ। ਨਾ ਹੀ ਉਹ ਸਾਨੂੰ ਤਰਸਾ ਕੇ ਖੁਸ਼ ਹੁੰਦਾ ਹੈ। ਦੁਨੀਆਂ ਨੂੰ ਤਰਸਾਉਣਾ ਜਾਂ ਤੜਪਾਉਣਾ ਇਹ ਸਾਡੇ ਲੋਕਾਂ ਦਾ ਕੰਮ ਬਣ ਚੁੱਕਿਆ ਹੈ, ਪਰ ਪ੍ਰਮਾਤਮਾ ਕਿਸੇ ਨੂੰ ਨਹੀਂ ਤਰਸਾਉਂਦਾ ਬਲਕਿ ਸਾਡੇ ਅੰਦਰ ਤਰਸ ਦੀ ਭਾਵਨਾ ਪੈਦਾ ਕਰਦਾ ਹੈ, ਤਾਂ ਕਿ ਅਸੀਂ ਦੂਸਰੇ ਜੀਵਾਂ ਉੱਪਰ ਦਇਆ ਕਰ ਸਕੀਏ। ਜੀਵਾਂ ਉੱਪਰ ਦਇਆ ਕਰਕੇ ਅਸੀਂ ਉਨ੍ਹਾਂ ਨੂੰ ਜ਼ਿੰਦਗੀ ਜਿਉਣ ਦੀ ਸਹੀ ਰਾਹ ਦੇ ਸਕੀਏ। ਕਿਉਂਕਿ:-

*"ਅੰਤਰਿ ਦੇਹਿ ਪ੍ਰਕਾਸ਼ ਕੀਜੈ।*

ਮਾਧੋ ਮਿਲਣ ਕੀ ਆਈ।।
ਸਤਿਗੁਰ ਜੀ ਲਾਜ ਹਮਾਰੀ।
ਤੁਧ ਆਗੇ ਗੁਰ ਗੋਬਿੰਦਾ।।"

(ਯ: ਨਿ: ਧਾ: 2)

ਜਾਂ

ਕਹੁ ਨਾਨਕ ਜਿਨ ਹੁਕਮ ਪਛਾਤਾ।
ਪ੍ਰਭੁ ਸਾਹਿਬ ਕਾ ਤਿਨ ਭੇਦ ਜਾਤਾ"।।

ਹੇ ਪ੍ਰਮਾਤਮਾ ! ਸਭ ਤੇਰੀ ਇੱਛਾ ਹੈ। ਸਾਰੇ ਪਾਸੇ ਤੇਰਾ ਹੀ ਨਾਮ ਹੈ, ਤੇਰਾ ਹੀ ਪਸਾਰਾ ਹੈ, ਤੇਰੀ ਹੀ ਕੁਦਰਤ ਹੈ। ਜਿਸ ਧਰਤੀ ਤੇ ਅਸੀ ਸਭ ਬੈਠੇ ਹੋਏ ਹਾਂ, ਇਹ ਧਰਤੀ ਵੀ ਤੇਰਾ ਹੀ ਅੰਗ ਹੈ ਅਤੇ ਇਸ ਉਪਰ ਬੈਠ ਕੇ ਅਸੀਂ ਤੇਰੀ ਭਗਤੀ ਤੇ ਤੇਰਾ ਸਿਮਰਨ ਕਰਦੇ ਹਾਂ। ਸਿਮਰਨ ਕਰਕੇ ਅਸੀ ਤੈਨੂੰ ਖੋਜਦੇ ਹਾਂ ਤੈਨੂੰ ਪ੍ਰਾਪਤ ਕਰਦੇ ਹਾਂ। ਮਹਾਰਾਜ ਜੀ ਸਾਰੀ ਸੰਗਤ ਨੂੰ ਉਸਦੇ ਨਾਮ ਦਾ ਰਸ ਪੀਣ ਲਈ ਆਖਦੇ ਹਨ।

"ਕਹੁ ਨਾਨਕ ਸੁਣਹੁ ਸੰਤੋ
ਸ਼ਬਦਿ ਧਰੋ ਪਿਆਰੋ"।।

(ਅਨੰਦ ਸਾਹਿਬ)



ਉਸਦੇ ਸ਼ਬਦਾਂ ਨੂੰ ਸੁਣੋ ਤੇ ਉਸ ਨਾਲ ਪਿਆਰ ਕਰੋ। ਪ੍ਰਮਾਤਮਾ ਦੇ ਨਾਮ ਨਾਲ ਪਿਆਰ ਕਰੋ, ਕਿਉਕਿ ਪਿਆਰ ਅੰਦਰ ਹੀ ਜੀਵ ਨੂੰ ਸਭ ਕੁਝ ਮਿਲ ਜਾਂਦਾ ਹੈ। ਆਪਣੇ ਮਨ ਚਿੱਤ ਨੂੰ ਇਕਾਗਰ ਕਰੋ ਤੇ ਪ੍ਰਮਾਤਮਾ ਦੀ ਬਣਾਈ ਸ੍ਰਿਸ਼ਟੀ ਨਾਲ ਪਿਆਰ ਕਰੋ। ਸਭ ਦੇ ਅੰਦਰ ਉਹ ਪ੍ਰਮਾਤਮਾ ਹੀ ਨਜ਼ਰ ਆਵੇਗਾ। ਮਹਾਰਾਜ ਜੀ ਕਹਿੰਦੇ ਹਨ ਕਿ ਬਾਹਰੀ ਦੋ ਅੱਖਾਂ ਨਾਲ ਨਾ ਦੇਖ, ਇੱਕ ਅੱਖ ਨਾਲ ਦੇਖੋ। ਜਦੋਂ ਅਸੀਂ ਦੋ ਅੱਖਾਂ ਨੂੰ ਇਕ ਅੱਖ ਕਰ ਲਵਾਂਗੇ ਤਾਂ ਸਾਨੂੰ ਇੱਕ ਹੀ ਰਾਹ ਨਜ਼ਰ ਆਏਗੀ। ਦੋ ਅੱਖਾਂ ਨਾਲ ਵੇਖਣ ਨਾਲ ਦੋ ਰਾਹਾਂ ਨਜ਼ਰ ਆਉਣਗੀਆਂ। ਇਸ ਲਈ ਸਾਨੂੰ ਇਕੋ ਅੱਖ ਨਾਲ ਵੇਖਣਾ ਚਾਹੀਦਾ ਹੈ। ਸਾਨੂੰ ਆਪਣੀਆਂ ਦੋਨਾਂ ਅੱਖਾਂ ਤੋਂ ਧਿਆਨ ਹਟਾ ਕੇ ਤੀਸਰੀ ਅੱਖ ਤੇ ਟਿਕਾਉਣਾ ਚਾਹੀਦਾ ਹੈ, ਜਿੱਥੋਂ ਸਾਨੂੰ ਪ੍ਰਮਾਤਮਾ ਦੀ ਰਾਹ ਨਜ਼ਰ ਆਏਗੀ। ਸਾਨੂੰ ਕਿਸੇ ਸੇਵਕ ਨੇ ਸੁਆਲ ਪੁੱਛਿਆ ਕਿ ਕੀ ਪ੍ਰਮਾਤਮਾ ਦਾ ਕੋਈ ਅੰਤ ਹੈ? ਅਸੀਂ ਉਸਨੂੰ ਕਿਹਾ ਕਿ ਪ੍ਰਮਾਤਮਾ ਬੇਅੰਤ ਹੈ Endless ਹੈ। ਉਸਦਾ ਕੋਈ ਅੰਤ ਨਹੀਂ ਹੋ ਸਕਦਾ। ਇਹ ਤਾ ਅਸੀਂ ਕਈ ਵਾਰੀ ਸੁਣਿਆ ਹੈ ਕਿ ਜਿਵੇਂ ਰਾਜੇ ਤੋਂ ਬਗੈਰ ਪਰਜਾ ਕਿਸੇ ਕੰਮ ਦੀ ਨਹੀ ਹੁੰਦੀ ਇਸੇ ਤਰ੍ਹਾਂ ਪ੍ਰਮਾਤਮਾ ਤੋਂ ਬਗੈਰ ਆਤਮਾ ਦਾ ਵੀ ਕੋਈ ਮੁੱਲ ਨਹੀਂ। ਇਸ ਲਈ ਦੇਵੀ ਦੇਵਤਿਆਂ ਦਾ ਅੰਤ ਤਾਂ ਨਿਸ਼ਚਿਤ ਹੈ, ਇਸ ਸਰੀਰ ਦਾ ਅੰਤ ਵੀ ਨਿਸ਼ਚਿਤ ਹੈ, ਸ੍ਰਿਸ਼ਟੀ ਦਾ ਅੰਤ ਵੀ ਨਿਸ਼ਚਿਤ ਹੈ, ਪਰ ਪ੍ਰਮਾਤਮਾ ਦਾ ਕਦੇ ਅੰਤ ਨਹੀਂ ਹੋ ਸਕਦਾ। ਕਿਉਕਿ:-

"ਮੇਰੋ ਰਾਮ ਰਮਈਆ ਤੇਰਾ
ਅੰਤ ਨਾ ਜਾਣਾ"।।

ਜਾਂ

"ਮੇਰੇ ਲਾਲ ਜੀਓ ਤੇਰਾ
ਅੰਤ ਨਾ ਜਾਣਾ,
ਤੂੰ ਜਲ ਥਲ ਮਹੀਅਲ ਭਰਿ
ਪੁਰਿ ਲੀਨਾ
ਤੂੰ ਆਪੇ ਸਰਬ ਸਮਾਣਾ"।।

(ਗੁਰੂ ਨਾਨਕ ਦੇਵ ਜੀ)

ਤੇਰਾ ਅੰਤ ਕੋਈ ਨਹੀ ਪਾ ਸਕਿਆ ਕਿਉਂਕਿ ਤੂੰ ਸਭ ਜਗ੍ਹਾ ਸਮਾਇਆ ਹੋਇਆ ਹੈਂ। ਤੂੰ ਜਲ ਵਿਚ ਵੀ ਹੈਂ, ਧਰਤੀ ਤੇ ਵੀ ਹੈਂ ਅਤੇ ਆਕਾਸ਼ ਵਿਚ ਵੀ ਪਰੀ-ਪੂਰਨ ਹੋ ਰਿਹਾ ਹੈਂ। ਤੇਰੇ ਪਸਾਰੇ ਨੂੰ ਅਸੀ ਨਹੀ ਜਾਣ ਸਕਦੇ। ਸਾਡੀ ਇਹ ਦ੍ਰਿਸ਼ਟੀ ਤੇਰੇ ਤੱਕ ਨਹੀਂ ਪਹੁੰਚਦੀ। ਦ੍ਰਿਸ਼ਟੀ ਤਾਂ ਸਿਰਫ ਸੰਤਾਂ ਦੀ ਹੀ ਚਲਦੀ ਹੈ। ਅਸੀ ਤਾਂ ਸਿਰਫ ਸੰਸਾਰ ਜਗਤ ਨੂੰ ਦੇਖਣ

ਤੱਕ ਹੀ ਸੀਮਿਤ ਹਾਂ। ਜਿਸ ਤਰ੍ਹਾਂ ਕੋਈ ਆਦਮੀ ਹੈ, ਉਸਦੀ ਕਿਸੇ office ਵਿਚ ਬਹੁਤ ਪਹੁੰਚ ਹੈ, ਉਸਦਾ Boss ਉਸਦੀ ਬਹੁਤ ਮੰਨਦਾ ਹੈ। ਜੇ ਉਸ ਆਦਮੀ ਨੂੰ ਕੋਈ problem ਆ ਜਾਵੇ ਤਾਂ ਉਹ ਆਪਣੀ ਪਹੁੰਚ ਦਾ ਇਸਤੇਮਾਲ ਕਰੇਗਾ। ਜਿਥੋਂ ਤੱਕ ਉਸ ਆਦਮੀ ਦੀ ਪਹੁੰਚ ਹੈ ਉਹ ਉਥੋਂ ਤੱਕ ਆਪਣੀ approach ਲਗਾਏ ਗਾ, ਉਹ ਉਥੋਂ ਤੱਕ ਆਪਣੀ ਗੱਲ ਪਹੁੰਚਾ ਸਕਦਾ ਹੈ, ਤੇ ਜਿਥੇ ਤੱਕ ਉਸਦੀ ਪਹੁੰਚ ਨਹੀਂ ਹੈ, ਉਹ ਉਥੇ ਤੱਕ ਕਿਵੇ ਆਪਣੀ approach ਲਗਾ ਸਕਦਾ ਹੈ। ਠੀਕ ਉਸੇ ਤਰ੍ਹਾਂ ਹੀ ਪ੍ਰਮਾਤਮਾ ਦੇ ਘਰ ਦੀ ਗੱਲ ਹੈ। ਕਿਸੇ ਜੀਵ ਦੀ ਉਸਦੀ ਕਾਇਨਾਤ ਤੱਕ ਪਹੁੰਚ ਬਣ ਜਾਂਦੀ ਹੈ, ਉਹ ਉਥੋਂ ਤੱਕ ਦੀ ਗੱਲ ਕਰ ਸਕਦਾ ਹੈ ਭਾਵ ਉਥੋਂ ਤੱਕ ਆਪਣੇ ਸੰਬੰਧ ਬਣਾ ਸਕਦਾ ਹੈ ਤੇ ਉਥੋਂ ਤੱਕ ਦਾ ਰਸ ਲੈ ਸਕਦਾ ਹੈ। ਉਸ ਰਸ ਨਾਲ ਜੀਵ ਆਪਣੇ ਦੁੱਖਾਂ ਦਾ ਨਾਸ ਕਰ ਸਕਦਾ ਹੈ। ਜਦੋਂ ਉਸਦੀ ਪਹੁੰਚ ਦਾ ਰਸ ਸਾਨੂੰ ਮਿਲਣ ਲੱਗ ਜਾਂਦਾ ਹੈ ਤਾਂ ਸਾਨੂੰ ਸੁਖ ਤੇ ਅਨੰਦ ਦੀ ਪ੍ਰਾਪਤੀ ਹੋਣ ਲੱਗ ਪੈਂਦੀ ਹੈ। ਜੇ ਅਸੀਂ ਉਸ ਰਸ ਨੂੰ ਆਪਣੇ ਅੰਦਰ ਲਿਜਾ ਕੇ ਵੇਖੀਏ ਤਾਂ ਸਾਨੂੰ ਮੁਕਤੀ ਦਾ ਰਾਹ ਦਿਸਣ ਲੱਗ ਪੈਂਦਾ ਹੈ। ਉਸ ਰਸ ਨਾਲ ਸਾਨੂੰ ਬਾਹਰ ਖ਼ੁਸ਼ਹਾਲੀ ਹੀ ਖ਼ੁਸ਼ਹਾਲੀ ਨਜ਼ਰ ਆਉਂਦੀ ਹੈ।

*"ਸਤਿਗੁਰ ਸੇਵਾ ਮਿਲੇ ਵਡਭਾਗੀ,*
*ਜਾਂ ਗੁਰਮੁਖ ਮਨ ਚਿਤ ਲਾਵੈ।*
*ਹਰਿ ਨਿਰੰਤਰ ਵਸੈ ਅਬਿਨਾਸੀ,*
*ਕੋਈ ਵਿਰਲਾ ਕਾਰ ਕਮਾਵੈ"।।*

(ਜ: ਨਿ: ਧਾ: 1



ਜਦੋਂ ਪ੍ਰਮਾਤਮਾ ਦਿਆਲ ਹੁੰਦਾ ਹੈ ਤਾਂ ਉਹ ਬਖਸ਼ਣਹਾਰ ਬਣ ਜਾਂਦਾ ਹੈ ਤੇ ਫੇਰ ਉਹ ਜੀਵ ਦੇ ਸਭ ਪਾਪਾਂ ਨੂੰ ਮਾਫ ਕਰ ਦਿੰਦਾ ਹੈ ਜਾਂ ਜੀਵ ਨੂੰ ਗੁਰੂ ਦੀ ਸ਼ਰਣਿ ਵਿਚ ਭੇਜ ਕੇ ਨਵੇਂ ਰਾਹੇ ਪਾ ਦਿੰਦਾ ਹੈ। ਉਹ ਰਸਤਾ ਹੈ ਸਤਿਗੁਰੂ ਦੀ ਸੇਵਾ। ਜੇ ਜੀਵ ਇਕ ਮਨ ਚਿੱਤ ਹੋ ਕੇ ਸਤਿਗੁਰੂ ਦੀ ਸੇਵਾ ਕਰੇ ਤਾਂ ਉਹ ਪ੍ਰਮਾਤਮਾ ਦੇ ਘਰ ਵਿਚ ਕਬੂਲ ਹੋ ਜਾਂਦਾ ਹੈ।

ਜਦੋਂ ਪ੍ਰਮਾਤਮਾ ਦਿਆਲ ਹੁੰਦਾ ਹੈ ਤਾਂ ਜੀਵ ਨੂੰ ਇਕ ਨਵੀਂ ਅਰਥਸ਼ਕਾ ਦਿੰਦਾ ਹੈ। ਕਈਆਂ ਜੀਵਾ ਵਿਚ ਕਿਸੇ ਨੂੰ attract ਕਰਨ ਦੀ ਸ਼ਕਤੀ ਆ ਜਾਂਦੀ ਹੈ। ਫੇਰ ਉਨ੍ਹਾ ਅੰਦਰ ਲੱਭ ਆ ਜਾਂਦਾ ਹੈ ਕਿਉਂਕਿ ਜਿਸ ਕੋਲ ਕਿਸੇ ਪ੍ਰਕਾਰ ਦੀ ਇਲਾਹੀ ਸ਼ਕਤੀ ਆ ਜਾਂਦੀ ਹੈ ਤਾਂ ਉਸ ਅੰਦਰ ਲੱਭ ਦਾ ਆ ਜਾਣਾ ਵੀ ਸੁਭਾਵਿਕ ਹੈ। ਇਹ ਲੱਭ ਤਾਂ ਸੰਤਾਂ ਮਹਾਤਮਾਵਾਂ, ਦੇਵੀ ਦੇਵਤਿਆਂ ਵਿਚੋਂ ਵੀ ਆ ਜਾਂਦਾ ਹੈ, ਪਰ ਇਹ ਗੱਲ ਵੱਖਰੀ ਹੈ ਕਿ ਆਮ ਜੀਵ ਦਾ ਲੱਭ ਦੁਨਿਆਵੀ ਸੁੱਖਾਂ ਨੂੰ ਪਾਉਣ ਦਾ ਹੁੰਦਾ ਹੈ ਤੇ ਸੰਤਾ ਮਹਾਂਪੁਰਖਾਂ ਦਾ ਲੱਭ ਪਰਮਾਰਥ ਨੂੰ ਪਾਉਣ ਦਾ ਹੁੰਦਾ ਹੈ। ਮਹਾਂਪੁਰਖਾਂ ਦਾ ਲੱਭ ਸੀਮਿਤ ਹੁੰਦਾ ਹੈ, ਕਿਉਂਕਿ ਉਨ੍ਹਾਂ ਦੀਆਂ ਇੱਛਾਵਾਂ ਸੀਮਿਤ ਹੁੰਦੀਆਂ ਹਨ ਜੱਦ ਕਿ ਆਮ ਜੀਵ ਦੇ ਲੱਭ ਦੀ ਕੋਈ ਸੀਮਾ ਹੀ ਨਹੀਂ ਹੁੰਦੀ। ਉਨ੍ਹਾਂ ਦੀਆਂ ਇੱਛਾਵਾਂ ਦੇ ... ਨਾਲ ਉਨ੍ਹਾਂ ਦਾ ਲੱਭ ਵੀ ਵਧਦਾ ਰਹਿੰਦਾ ਹੈ। ਸਾਡੇ ਲੋਕਾਂ ਵਿਚ ਤਾਂ ਇਹ ਲੱਭ ਏਨ੍ਹਾ ਵਧ ਜਾਂਦਾ ਹੈ, ਕਿ ਸ਼ਰੀਰ ਤੇ ਮਨ ਦੀਆਂ ਸਾਰੀਆਂ movements ਨੂੰ ਇਹ ਲੱਭ ਆਪਣੇ ਵੱਸ ਵਿਚ ਕਰ ਲੈਂਦਾ ਹੈ। ਇਹ ਗੱਲ ਜੋ ਸਾਡੇ ਸਾਹਮਣੇ ਆਉਂਦੀ ਹੈ ਬਹੁਤ ਸੋਚਣ ਵਿਚਾਰਨ ਵਾਲੀ ਹੈ। ਇਸ ਵੇਲੇ ਧਰਤੀ ਉਪਰ ਕਾਲ ਦਾ ਬਹੁਤ ਜੋਰਦਾਰ ਪਹਿਰਾ ਹੈ। ਉਹ ਜੋ ਚਾਹੁੰਦਾ ਹੈ ਕਰਵਾ ਲੈਂਦਾ ਹੈ। ਇਹ ਇਕ ਅਟੱਲ ਸੱਚਾਈ ਹੈ, ਕਿ ਅਸੀਂ ਲੋਕ ਇਸ ਕਾਲ ਦੇ ਦਾਇਰੇ ਵਿਚ ਫਸੇ ਹੋਏ ਹਾਂ। ਉਸਦੇ ਨਾਲ ਸਾਡੇ ਜੀਵਨ ਦੀ ਹੱਦ ਬੱਝੀ ਹੋਈ ਹੈ। ਇਸ ਧਰਤੀ ਉੱਤੇ ਕਾਲ ਦਾ

ਪਹਿਰਾ ਵਧਦਾ ਹੀ ਜਾ ਰਿਹਾ ਹੈ। ਇਸ ਨੇ ਆਪਣਾ ਪਸਾਰਾ ਇਨ੍ਹਾ ਜਿਆਦਾ ਵਧਾ ਲਿੱਤਾ ਹੈ ਕਿ ਇਸ ਦੇ ਅੰਦਰ ਹਰ ਕੋਈ ਫਸਦਾ ਚਲਿਆ ਜਾ ਰਿਹਾ ਹੈ। ਸਾਡੇ ਸਰੀਰ ਅੰਦਰ ਦਸ ਦਿਸ਼ਾਵਾਂ ਹਨ ਤੇ ਇਹ ਸਾਰੀਆਂ ਦਿਸ਼ਾਵਾਂ ਪਰਮਾਤਮਾ ਦੇ ਘਰ ਤੱਕ ਜਾਂਦੀਆਂ ਹਨ। ਇਨ੍ਹਾਂ ਦਸਾਂ ਦਿਸ਼ਾਵਾਂ ਦਾ ਧਿਆਨ ਪ੍ਰਮਾਤਮਾ ਨਾਲ Direct ਜੁੜਿਆ ਹੈ। ਉਥੋਂ ਆਪਣਾ ਧਿਆਨ ਹਟਾਉਣ ਨੂੰ ਬਿਲਕੁਲ ਸਾਡਾ ਦਿਲ ਨਹੀ ਕਰਦਾ। ਦਸਾਂ ਦਿਸ਼ਾਵਾਂ ਵਿਚੋਂ ਕੋਈ ਵੀ ਦਿਸ਼ਾ ਪ੍ਰਮਾਤਮਾ ਵਲੋਂ ਧਿਆਨ ਹਟਾਉਣ ਦੀ ਹਾਮੀ ਨਹੀ ਭਰਦੀ। ਸਾਰੀਆਂ ਹੀ ਆਪਣਾ ਧਿਆਨ ਪ੍ਰਮਾਤਮਾ ਨਾਲ ਜੜੀ ਰੱਖਣਾ ਚਾਹੁੰਦੀਆਂ ਹਨ। ਪਰ ਕਾਲ ਦਾ ਪ੍ਰਭਾਵ ਏਨ੍ਹਾਂ ਜਿਆਦਾ ਵਧ ਗਿਆ ਹੈ ਕਿ ਜਦੋਂ ਜੀਵ ਧਰਤੀ ਤੇ ਜਨਮ ਲੈਂਦਾ ਹੈ, ਉਸੇ ਵੇਲੇ ਤੋਂ ਹੀ ਕਾਲ ਦੀ ਲਪੇਟ ਵਿਚ ਆ ਜਾਂਦਾ ਹੈ। ਅੱਜ ਕੱਲ ਦੇ ਬੱਚਿਆਂ ਨੂੰ ਜਨਮ ਤੋਂ ਥੋੜੇ ਚਿਰਾਂ ਬਾਅਦ ਹੀ ਸਾਰੀ ਸਮਝ ਆਉਣ ਲੱਗ ਪੈਂਦੀ ਹੈ। ਪਹਿਲੇ ਸਮਿਆਂ ਵਿਚ ਬੱਚਿਆਂ ਨੂੰ ਕਈਆਂ ਸਾਲਾਂ ਤੱਕ ਵੀ ਕਿਸੇ ਗੱਲ ਦੀ ਸਮਝ ਨਹੀਂ ਸੀ ਹੁੰਦੀ। ਇਸ ਦਾ ਕਾਰਣ ਸੀ ਕਿ ਉਨ੍ਹਾਂ ਅੰਦਰ ਪ੍ਰਮਾਤਮਾ ਦੀ ਬੰਦਗੀ ਦਾ ਏਨ੍ਹਾ ਜ਼ਿਆਦਾ ਨਸ਼ਾ ਭਰਿਆ ਹੁੰਦਾ ਸੀ ਤੇ ਕਈਆਂ ਸਾਲਾਂ ਤੱਕ ਉਹ ਉਸ ਨਸ਼ੇ ਵਿਚ ਹੀ ਮਸਤ ਰਹਿੰਦੇ ਸਨ। ਉਹ ਪ੍ਰਮਾਤਮਾ ਦੇ ਨੂਰ ਨਾਲ ਹੀ ਗੱਲਾਂ ਕਰਦੇ ਰਹਿੰਦੇ ਸਨ। ਟਕਟਕੀ ਲਗਾ ਕੇ ਪ੍ਰਮਾਤਮਾ ਦੇ ਦਰਸ਼ਨ ਕਰਦੇ ਰਹਿੰਦੇ ਸਨ। ਇਹ ਅਵਸਥਾ ਪ੍ਰਮਾਤਮਾ ਨੂੰ ਪਾਉਣ ਦੀ ਹੁੰਦੀ ਸੀ। ਸਾਡੇ ਅੰਦਰ ਜੋ ਅਲੌਕਿਕ ਸ਼ਕਤੀ ਕੰਮ ਕਰ ਰਹੀ ਹੈ ਉਹ ਅਡਿੱਠ ਰੂਪ ਵਿਚ ਸਾਡੇ ਅੰਦਰ ਕੰਮ ਕਰਦੀ ਚਲੀ ਜਾ ਰਹੀ ਹੈ। ਸਾਨੂੰ ਆਪਣੇ ਅੰਦਰ ਜਾਗਰੂਕਤਾ ਪੈਦਾ ਕਰਕੇ ਉਸ ਅਡਿੱਠ ਪ੍ਰਮਾਤਮਾ ਨਾਲ ਮਿਲਾਪ ਕਰਨਾ ਚਾਹੀਦਾ ਹੈ। ਅਜਿਹਾ ਕਰਨ ਵਾਸਤੇ ਸਾਨੂੰ ਸਾਧਨਾ ਕਰਨੀ ਪਵੇਗੀ

*"ਤੂੰ ਮੇਰਾ ਰੰਗ ਰੰਗੀਲਾ ਸਾਜਨ,*
*ਦਰਸ ਦੇਉ ਮੇਰੇ ਰਾਮ ਗੋਪਾਲਾ,*
*ਆਪੇ ਸਾਜੇ ਸਗਲ ਸੰਸਾਰਾ,*
*ਸਗਲ ਵਸਤੁ ਮਾਹੇ ਤੇਰਾ ਪਸਾਰਾ"।।*

(ਧ: ਨਿ: ਧਾ: 1)

English ਵਿਚ ਇਕ ਕਹਾਵਤ ਹੈ:-

"Vows made in storm are forgotten in calm."

It means ਕਿ

*"ਦੁੱਖ ਮੇਂ ਸਿਮਰਨ ਸਭ ਕਰੇਂ ਸੁਖ ਮੇਂ ਕਰੇ ਨਾ ਕੋਇ"।।*

ਆਤਮਾ ਦੀ ਜੋ ਜਾਗਰੂਕਤਾ ਹੈ, ਜੋ ਭਾਵਨਾ ਹੈ ਇਹ ਵੀ ਇਕ ਅਵਸਥਾ ਹੈ। ਇਹ ਖੋਜ ਵਿਚ ਆ ਜਾਂਦੀ ਹੈ। ਪੱਕੇ ਇਰਾਦੇ ਤੇ ਨਿਰਪੱਖ ਹਿਰਦੇ ਨਾਲ ਚਿੱਤ ਨੂੰ ਇਕਾਗਰ ਕਰਕੇ ਖੋਜ ਕਰੀਏ, ਆਪਣੇ ਅੰਦਰ ਇਕਾਗਰਤਾ ਪੈਦਾ ਕਰੀਏ। ਇਹ ਇਕਾਗਰਤਾ ਪ੍ਰਮਾਤਮਾ ਦੀ ਖੋਜ ਵਾਸਤੇ ਪ੍ਰਮਾਤਮਾ ਦੇ ਮਿਲਣ ਵਾਸਤੇ ਹੋਣੀ ਚਾਹੀਦੀ ਹੈ। ਜਦੋਂ ਅਸੀ ਚਿੱਤ ਨੂੰ ਇਕਾਗਰ ਕਰਕੇ ਪ੍ਰਮਾਤਮਾ ਨੂੰ ਤਲਾਸ਼ ਕਰਾਂਗੇ ਤਾਂ ਇਕ ਦਿਨ ਪ੍ਰਮਾਤਮਾ ਸਾਨੂੰ ਜ਼ਰੂਰ ਮਿਲ ਜਾਵੇ ਗਾ। ਪਰ ਸੁਆਲ ਇਹ ਪੈਦਾ ਹੁੰਦਾ ਹੈ ਕਿ ਅਸੀ ਪ੍ਰਮਾਤਮਾ ਨੂੰ ਕਿੱਥੋਂ ਖੋਜੀਏ? ਕਿਥੋਂ ਲੱਭੀਏ? ਜਿਸ ਨਾਲ ਉਹ ਸਾਨੂੰ ਮਿਲ ਸਕੇ। ਸਾਡਾ ਮੀਤ ਸਾਡਾ ਸੱਜਣ ਕਿੱਥੇ ਹੈ? ਜਿਸ ਨੂੰ ਲੱਭ ਕੇ ਅਸੀਂ ਉਸ ਨੂੰ ਆਪਣੇ ਦੋ ਨੈਣਾਂ ਵਿਚ ਵਸਾ ਸਕੀਏ। ਦੋ ਤਰ੍ਹਾਂ ਦੇ ਪ੍ਰੇਮੀ ਹੁੰਦੇ ਹਨ। ਇਕ ਤਾਂ ਉਸ ਨੂੰ ਖੋਜਣ ਵਿਚ ਹੀ ਜੁਟਿਆ ਹੋਇਆ ਹੈ ਤੇ ਦੂਸਰਾ ਉਸ ਦੀ ਮਸਤੀ ਵਿਚ ਅੱਖਾਂ ਬੰਦ ਕਰਕੇ ਬੈਠਾ ਹੋਇਆ ਹੈ ਕਿ ਜੇ ਪ੍ਰਮਾਤਮਾ ਨੇ ਮਿਲਣਾ ਹੈ ਤਾਂ ਆਪੇ ਹੀ ਮਿਲ ਪਵੇਗਾ, ਨਹੀਂ ਤੇ ਧਰਤੀ ਉੱਤੇ ਜਿਸ ਕੰਮ ਲਈ ਆਏ ਹਾਂ ਉਸ ਨੂੰ ਪੂਰਾ ਕਰਕੇ ਵਾਪਿਸ ਚਲੇ ਜਾਈਏ। ਭਾਵ ਆਪਣਾ ਅੱਗੇ ਦਾ ਰਾਹ ਸਾਫ ਕਰ ਲਈਏ ਜਾਂ ਫਿਰ ਦੁਨੀਆਂ ਦੀ ਮੌਜ ਮਸਤੀ ਦਾ ਅਨੰਦ ਮਾਣੀਏ। ਸਾਧ ਸੰਗਤ ਜੀ ਪ੍ਰਮਾਤਮਾ ਸਾਡੀਆਂ ਇਨ੍ਹਾਂ ਗੱਲਾਂ ਵਲ ਨਹੀ ਦੇਖਦਾ। ਉਹ ਕਹਿੰਦਾ ਹੈ ਕਿ ਤੁਸੀ ਜੋ ਕਰਨਾ ਹੈ ਕਰੋ, ਆਪਣੀਆਂ ਇੱਛਾਵਾਂ ਦੀ ਪੂਰਤੀ ਕਰੋ। ਪਰ ਤੁਹਾਡੀਆਂ ਇਛਾਵਾਂ ਦੀ ਪੂਰਤੀ ਵਿਚ ਮੇਰੀ ਰਹਿਮਤ ਦਾ ਹੋਣਾ ਜ਼ਰੂਰੀ ਹੈ।

# ਦਰਸ਼ਨ ਦੇ ਦਰਸ਼ਨ

## ਹਜ਼ੂਰ ਮਹਾਰਾਜ ਦਰਸ਼ਨ ਦਾਸ ਜੀ ਦੇ ਜਨਮ ਦਿਵਸ ਦੇ ਖ਼ਾਸ।

"ਅਗਰ ਕੁਝ ਲਿਖ ਸਕੂੰ ਤੋ ਯੇ ਤੇਰੀ ਵਡਿਆਈ ਹੈ।
ਗਰ ਕੁਝ ਰਹਿ ਗਈ ਕਮੀ ਤੋ ਖ਼ਤਾਗਾਰ ਹੂੰ ਮੈਂ"

ਹਜ਼ੂਰ ਮਹਾਰਾਜ ਦਰਸ਼ਨ ਦਾਸ ਰੂਹਾਨੀਅਤ ਦੀ ਦੁਨਿਆ ਵਿਚ ਇਕ ਚਮਕਦੇ, ਰੌਸ਼ਨ ਆਫ਼ਤਾਬ ਹਨ। ਉਹਨਾਂ ਦੀ ਰੂਹਾਨੀਅਤ ਦੇ ਚਾਨਣ ਨੇ ਹਰ ਆਮ ਤੇ ਖ਼ਾਸ ਜੀਵਾਂ ਨੂੰ, ਜੋ ਵੀ ਉਹਨਾਂ ਦੀ ਸੰਗਤ ਵਿਚ ਆਏ, ਬਿਨਾਂ ਕਿਸੇ ਭੇਦ-ਭਾਵ ਦੇ ਰੌਸ਼ਨ ਕਰ ਦਿੱਤਾ। ਕਰਦੇ ਵੀ ਕਿਉਂ ਨਾ ? ਜਦੋਂ ਇਕ ਦੁਨੀਆਵੀ ਸੂਰਜ ਨਿਕਲਦਾ ਹੈ ਤਾਂ ਉਹ ਬਿਨਾਂ ਕਿਸੇ ਭੇਦ-ਭਾਵ ਦੇ ਸਮੁੱਚੇ ਬ੍ਰਹਿਮੰਡ ਨੂੰ ਰੌਸ਼ਨ ਕਰ ਦਿੰਦਾ ਹੈ, ਤਾਂ ਸੰਤ ਮਹਾਪੁਰਸ਼ ਤਾਂ ਦਇਆ ਦੇ ਸਮੁੰਦਰ ਵਾਂਗ ਹੁੰਦੇ ਹਨ, ਫੇਰ ਉਹ ਭਲਾ ਭੇਦ-ਭਾਵ ਕਿਉਂ ਰੱਖਣ ਲੱਗੇ। ਹਾਂ ! ਸ਼ਰਤ ਇਹ ਹੈ ਕਿ ਉਹਨਾਂ ਦੀ ਸ਼ਰਣ ਵਿਚ ਆਉਣ ਵਾਲੇ ਜੀਵ ਦੀ ਭਾਵਨਾ ਪਵਿੱਤਰ ਅਤੇ ਵਿਸ਼ਵਾਸ ਨਾਲ ਭਰਪੂਰ ਹੋਣੀ ਚਾਹੀਦੀ ਹੈ।

"ਆਫਤਾਬ ਤੋ ਆਫਤਾਬ ਹੈ
ਵੋ ਕੋਈ ਜ਼ੱਰਾ ਆਫਤਾਬ
ਨਹੀਂ ਬਨਾ ਸਕਤਾ।
ਮਗਰ ਦਰਸ਼ਨ ਦਾਸ ਵੋ
ਆਫਤਾਬ ਹੈ
ਜਿਸ ਨੇ ਕਈ ਜ਼ੱਰੋਂ ਕੋ ਭੀ ਆਫਤਾਬ ਕਿਯਾ ਹੈ।"



ਹਜ਼ੂਰ ਫ਼ਰਮਾਉਂਦੇ ਸਨ ਕਿ ਵਗਦੇ ਦਰਿਆ ਅਤੇ ਮਲੰਗ ਜੋਗੀਆਂ ਦਾ ਕੋਈ ਠਿਕਾਣਾ ਨਹੀਂ ਹੁੰਦਾ। ਹਜ਼ੂਰ ਦੀ ਆਪਣੀ ਨਿੱਜੀ ਜ਼ਿੰਦਗੀ ਤੇ ਵੀ ਇਹ ਗੱਲ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ। ਬਟਾਲਾ ਤੋਂ ਲੈ ਕੇ ਯੂ.ਕੇ. ਤੱਕ ਦੀ ਯਾਤਰਾ ਵਿਚ ਹਜ਼ੂਰ ਨੇ ਕਦੇ ਪਿੱਛੇ ਮੁੜ ਕੇ ਨਹੀਂ ਤੱਕਿਆ। ਜੋਤ ਮਿਲਣ ਮਗਰੋਂ ਵੀ ਹਜ਼ੂਰ ਕਦੇ ਬਟਾਲਾ, ਕਦੇ ਜਲੰਧਰ, ਕਦੇ ਕਪੂਰਥਲਾ ਤੇ ਕਦੇ ਅੰਮ੍ਰਿਤਸਰ ਤੁਰ ਜਾਂਦੇ ਸਨ। ਭਾਵੇਂ ਇਹ ਇਕ ਨਿੱਕਾ ਦਾਇਰਾ ਸੀ, ਅਤੇ ਇਕ ਥਾਂ ਦੀ ਸੰਗਤ ਦੂਜੇ ਥਾਂ ਹਜ਼ੂਰ ਦੇ ਮਗਰ ਤੁਰ ਜਾਂਦੀ ਅਤੇ ਆਪਣੀ ਫਰਿਆਦ ਹਜ਼ੂਰ ਤਰ ਪਹੁੰਚਾ ਦਿੰਦੀ ਸੀ। ਪਰ ਕੁਝ ਸੰਗਤ ਦੇ ਜੀਵ ਅਜਿਹੇ ਵੀ ਸਨ ਜਿਹੜੇ ਬਸ ਦਾ ਭਾੜਾ ਜਾਂ ਸਮੇਂ ਦੀ ਕਿੱਲਤ ਕਾਰਣ ਹਜ਼ੂਰ ਦੇ ਮਗਰ ਇਕ ਥਾਂ ਤੋਂ ਦੂਜੀ ਥਾਂ ਨਹੀਂ ਜਾ ਸਕਦੇ ਸਨ। ਪਰ ਉਹਨਾਂ ਦੀ ਤਵੱਜੋ

(ਧਿਆਨ) ਹਮੇਸ਼ਾ ਮਹਾਰਾਜ ਜੀ ਦੇ ਚਰਣਾਂ'ਚ ਰਹਿੰਦੀ। ਕਈ ਵਾਰੀ ਤਾਂ ਅਜਿਹੇ ਜੀਵਾਂ ਦੀ ਤਾਂਘ ਦੇ ਅਧੀਨ ਹੋ ਕੇ ਹਜ਼ੂਰ ਨੂੰ ਆਪਣੇ ਕਈ ਕੰਮ ਵਿਚਾਲੇ ਛੱਡ ਕੇ ਉਹਨਾਂ ਦੇ ਪਿਆਰ-ਬੰਧਨ ਵਿਚ ਬੰਧ ਕੇ ਆਪਣੇ ਨਿਸ਼ਚਿਤ ਸਮੇਂ ਤੋਂ ਪਹਿਲਾਂ ਹੀ ਉਹਨਾਂ ਕੋਲ (ਅਜਿਹੇ ਜੀਵਾਂ ਕੋਲ) ਆਉਣਾ ਪੈਂਦਾ। ਇਸੇ ਤਰ੍ਹਾਂ ਜਿਸ ਥਾਂ ਤੋਂ ਹਜ਼ੂਰ ਵਾਪਸ ਆ ਜਾਂਦੇ ਮਗਰੋਂ ਉਥੋਂ ਦੀ ਸੰਗਤ ਦਾ ਇਹੋ ਹਾਲ ਹੁੰਦਾ। ਸੋ ਇਸ ਗੱਲ ਨੂੰ ਮੁਖ ਰਖਦਿਆਂ ਹਜ਼ੂਰ ਨੂੰ ਕਈ ਵਾਰੀ ਕਿਸੇ ਖ਼ਾਸ ਜੀਵ ਨੂੰ ਜਲ ਜਾਂ ਵਿਭੂਤੀ ਸੰਗਤ ਦੇ ਜੀਵਾਂ ਨੂੰ ਦੇਣ ਦਾ ਖਾਸ ਹੱਕ ਵੀ ਦੇਣਾ ਪੈਂਦਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਸ ਜੀਵ ਦੀ ਵੀ ਹਜ਼ੂਰ ਡਿਊਟੀ ਲਗਾਉਂਦੇ, ਉਹ ਜੀਵ ਜਦੋਂ ਹਜ਼ੂਰ ਦਾ ਨਾਂ ਲੈ ਕੇ ਕਿਸੇ ਦੁਖੀ ਨੂੰ ਜਲ ਜਾਂ ਵਿਭੂਤੀ ਦੇਂਦਾ ਤਾਂ ਹਜ਼ੂਰ ਦੀ ਕਿਰਪਾ ਨਾਲ ਉਸਦਾ ਅਸਰ ਜ਼ਰੂਰ ਹੁੰਦਾ। ਪਰ ਉਸ ਦੁਖੀ ਜੀਵ ਦੇ ਦਿਲ ਵਿਚ ਇਹ ਤਾਂਘ ਜਰੂਰ ਰਹਿ ਜਾਂਦੀ ਕਿ ਹਜ਼ੂਰ ਨਾਲ ਸਿੱਧੇ ਤੌਰ ਤੇ ਗੱਲ ਨਹੀਂ ਹੋਈ, ਉਹਨਾਂ ਦੇ ਦਰਸ਼ਨ ਨਹੀ ਹੋ ਸਕੇ।

ਇਹਨਾਂ ਗੱਲਾਂ ਨੂੰ ਮੁੱਖ ਰਖਦਿਆਂ ਹਜ਼ੂਰ ਨੇ ਕਿਸੇ ਖ਼ਾਸ ਬੰਦੇ ਦੀ ਪੱਕੇ ਤੌਰ ਤੇ ਜਲ ਅਤੇ ਵਿਭੂਤੀ ਦੇਣ ਦੀ ਡਿਊਟੀ ਲਗਾਉਣ ਬਾਰੇ ਸੋਚਿਆ। ਜਿਹੜਾ ਜਲ ਜਾਂ ਵਿਭੂਤੀ ਦੇਣ ਦੇ ਨਾਲ-ਨਾਲ ਸਾਧ ਸੰਗਤ ਦੇ ਜੀਵਾ ਨਾਲ ਬਚਨ-ਬਿਲਾਸ ਵੀ ਕਰ ਸਕੇ, ਜਿਸ ਨਾਲ ਕਿਸੇ ਦੁਖੀ ਅਤੇ ਪਰੇਸ਼ਾਨ ਜੀਵ ਨੂੰ ਨਾ ਸਿਰਫ ਸਰੀਰਕ ਤੌਰ ਤੇ, ਸਗੋਂ ਮਾਨਸਿਕ ਤੌਰ ਤੇ ਵੀ ਸ਼ਾਂਤੀ ਮਿਲ ਸਕੇ। ਅਜਿਹੀ ਹਾਲਤ ਵਿਚ ਹਜ਼ੂਰ ਨੇ ਸਭ ਤੋਂ ਪਹਿਲਾਂ 'ਉਮਬਾਬਾ ਜੀ' (ਜਲੰਧਰ) ਨੂੰ ਇਸਦੇ ਕਾਬਲ ਸਮਝਿਆ ਅਤੇ ਉਹਨਾਂ ਨੂੰ ਬਾਬਾ ਜੀ ਦਾ ਰੁਤਬਾ ਦੇ ਕੇ (ਸੰਨ 1972 ਵਿਚ) ਆਪਣਾ ਹੀ ਰੂਪ ਬਣਾ ਲਿਆ। ਇਸ ਤੋਂ ਮਗਰੋਂ ਜਲੰਧਰ ਦੇ ਹੀ 'ਨਸੀਬ ਸਿੰਘ' ਨੂੰ ਹਜ਼ੂਰ ਦੁਆਰਾ ਬਾਬਾ ਜੀ ਦਾ ਰੁਤਬਾ ਦਿੱਤਾ ਗਿਆ। ਸੰਨ 1973 ਵਿਚ ਕਪੂਰਥਲਾ ਦੇ ਰਹਿਣ ਵਾਲੇ 'ਜੀਤ ਲਾਲ' ਨੂੰ ਹਜ਼ੂਰ ਨੇ ਆਪਣੀ ਦਇਆ ਅਤੇ ਮਿਹਰ ਨਾਲ ਨਾ ਸਿਰਫ ਸਰੀਰਕ ਤੌਰ ਤੇ ਠੀਕ ਕੀਤਾ ਸਗੋਂ ਰੂਹਾਨੀ ਤੌਰ ਤੇ ਉਹਨਾਂ ਤੇ ਅਪਾਰ ਕਿਰਪਾ ਅਤੇ ਮਿਹਰ ਕਰਕੇ 'ਬਾਬਾ ਜੀਤ ਜੀ' ਦੇ ਰੁਤਬੇ ਨਾਲ ਨਵਾਜਿਆ।

ਏਸੇ ਤਰ੍ਹਾਂ ਜਦੋਂ-ਜਦੋਂ ਹਜ਼ੂਰ ਦਾ ਦਾਇਰਾ ਵੱਧਦਾ ਰਿਹਾ, ਹਜ਼ੂਰ ਹਰ ਥਾਂ ਆਪਣੀ ਗ਼ੈਰ-ਮੌਜੂਦਗੀ ਵਿਚ ਸਾਧ ਸੰਗਤ ਦੀ ਸੇਵਾ ਲਈ ਬਾਬਾ ਜੀ ਸਾਹਿਬਾਨ ਸਜਾਉਂਦੇ ਰਹੇ। ਇਸੇ ਤਰ੍ਹਾਂ ਬਾਬਾ ਜੀ ਉਮ ਅਤੇ ਜੀਤ ਬਾਬਾ ਜੀ ਤੋਂ ਲੈ ਕੇ ਬਾਬਾ ਕਰਮ ਸਿੰਘ ਜੀ, ਬਾਬਾ ਜੌਰਜ ਅਤੇ ਬਾਬਾ ਜੀ ਸਤਵੰਤ ਸਿੰਘ ਤੱਕ ਅਨੇਕਾਂ ਜ਼ੱਰਿਆਂ ਨੂੰ ਆਪਣਾ ਰੂਪ ਦੇ ਕੇ ਆਫ਼ਤਾਬ ਕੀਤਾ।

ਹਜ਼ੂਰ ਦੀ ਦਇਆ-ਮਿਹਰ ਸਦਕਾ ਦਾਸ ਨੂੰ ਹਜ਼ੂਰ ਮਹਾਰਾਜ ਜੀ ਦੀ ਕਾਫ਼ੀ ਨਜ਼ਦੀਕੀ ਪ੍ਰਾਪਤ ਹੋਈ ਅਤੇ ਇਸੇ ਦੇ ਆਧਾਰ ਤੇ ਦਾਸ ਇਹ ਦਾਵਾ ਕਰ ਸਕਦਾ ਹੈ ਕਿ ਹਜ਼ੂਰ ਦਾ ਵਿਅਕਤਿਤਵ ਸਿਰਫ਼ ਸੰਤ-ਮੱਤ ਤਕ ਸੀਮਤ ਨਹੀਂ ਸੀ, ਸਗੋਂ ਉਹਨਾਂ ਦੇ ਵਿਅਕਤਿਤਵ ਵਿਚ ਅਨੇਕਾਂ ਹੀ ਗੁਣ ਮੌਜੂਦ ਸਨ। ਪੂਰਨ-ਸੰਤ ਹੋਣ ਦੇ ਨਾਲ ਨਾਲ ਹਜ਼ੂਰ ਇਕ ਪਰਮ-ਦੇਸ਼ ਭਗਤ, ਅੰਤਰਯਾਮੀ, ਇਕ ਬਹੁਤ ਚੰਗੇ ਖਿਡਾਰੀ, ਇਕ ਪਵਿੱਤਰ ਰਹਿਮ-ਦਿਲ ਦੇ ਸਵਾਮੀ, ਦੀਨ-ਦੁਖੀਆਂ ਦੇ ਹਮਦਰਦ, ਅਜੀਬ ਕਸ਼ਿਸ਼ ਵਾਲੇ, ਆਪਣੇ ਵਚਨਾਂ ਦੇ ਪੱਕੇ ਅਤੇ ਯਾਰਾਂ ਦੇ ਯਾਰ ਸਨ। ਉਹਨਾਂ ਦੇ ਵਿਚਾਰ ਦੇਸ਼ ਅਤੇ ਕੌਮ ਦੀ ਸਰਹੱਦਾਂ ਤੋਂ ਕਿਤੇ ਵੱਧ ਬੁਲੰਦ ਸਨ ਅਤੇ ਉਹ ਮਨੁੱਖਤਾ ਨੂੰ ਸਭ ਤੋਂ ਵੱਡਾ ਧਰਮ ਮੰਨਦੇ ਸਨ। ਦੇਸ਼-ਪ੍ਰੇਮ ਦਾ ਜਜ਼ਬਾ ਹਜ਼ੂਰ ਦੇ ਦਿਲ ਵਿਚ ਠਾਠਾਂ ਮਾਰਦਾ ਸੀ। ਇਸ ਮਸਲੇ ਵਿਚ ਉਹ ਸ਼ਹੀਦ-ਏ-ਆਜਮ ਭਗਤ ਸਿੰਘ ਅਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨੂੰ ਆਪਣਾ ਆਦਰਸ਼ ਮੰਨਦੇ ਸਨ।

ਹਜ਼ੂਰ ਦਲੇਰ ਫੌਜੀ ਨੌਜਵਾਨਾਂ ਦੀ ਬਹੁਤ ਕਦਰ

ਕਰਿਆ ਕਰਦੇ ਸਨ। ਉਹ ਫ਼ਰਮਾਉਂਦੇ ਸਨ ਕਿ ਸੱਚਾ ਫੌਜੀ ਨੌਜਵਾਨ ਅਤੇ ਅਫ਼ਸਰ ਕਿਸੇ ਸੰਤ ਤੋਂ ਘੱਟ ਨਹੀਂ। ਉਹ ਆਪਣੇ ਦੇਸ਼ ਦੀ ਰੱਖਿਆ ਖ਼ਾਤਰ ਜਿਉਂਦੇ ਹਨ ਅਤੇ ਇਸੇ ਦੀ ਖ਼ਾਤਰ ਆਪਣੀ ਜਾਨ ਕੁਰਬਾਨ ਕਰ ਜਾਂਦੇ ਹਨ। ਹਜ਼ੂਰ ਦਾ ਕਥਨ ਹੈ ਕਿ ਮੈਦਾਨ-ਏ-ਜੰਗ ਵਿਚ ਸ਼ਹੀਦ ਹੋਣ ਵਾਲਾ ਹਰ ਇਕ ਫੌਜੀ ਸਿੱਧਾ ਸਚਖੰਡ ਵਿਚ ਜਾਂਦਾ ਹੈ।

ਆਪਣੀ ਸਕੂਲੀ ਸਿਖਿਆ ਦੌਰਾਨ ਹਜ਼ੂਰ ਕਬੱਡੀ ਦੇ ਬਹੁਤ ਚੰਗੇ ਖਿਡਾਰੀ ਸਨ। ਵੱਡੀ-ਵੱਡੀ ਟੀਮਾਂ ਨਾਲ ਉਹਨਾਂ ਨੇ ਕਬੱਡੀ ਦੇ ਕਈ ਮੈਚ ਖੇਡੇ ਅਤੇ ਹਮੇਸ਼ਾਂ ਜਿੱਤ ਹਾਸਿਲ ਕੀਤੀ।

ਹਜ਼ੂਰ ਕਿਸੇ ਨੂੰ ਦੁਖੀ ਨਹੀਂ ਸਨ ਵੇਖ ਸਕਦੇ। ਜਿਥੋਂ ਤਕ ਹੋ ਸਕਦਾ ਸੀ ਉਹ ਹਰ ਜੀਵ ਦਾ ਦੁੱਖ ਦੂਰ ਕਰਨ ਦੀ ਕੋਸ਼ਿਸ਼ ਕਰਦੇ। ਜਿਹੜਾ ਵੀ ਜੀਵ ਉਹਨਾਂ ਦੀ ਸੰਗਤ ਵਿਚ ਆਉਂਦਾ, ਉਹ ਉਹਨਾਂ ਦੀ ਹਰ ਤਰ੍ਹਾਂ ਨਾਲ (ਰੱਬੀ ਜਾਂ ਜੱਗੀ) ਮਦਦ ਕਰਦੇ। ਹਜ਼ੂਰ ਆਖਦੇ ਸਨ ਕਿ ਜੇ ਕਿਸੇ ਨੇ ਸਾਡੇ ਕੋਲੋਂ ਕੁਝ ਲੈਣਾ ਹੈ ਤਾਂ ਸਾਡੀ ਸੰਗਤ ਬਣ ਕੇ ਆਵੇ। ਇਥੋਂ ਤੱਕ ਕਿ ਰਾਜ ਮਾਤਾ ਊਸ਼ਾ ਜੀ ਦੇ ਦਿਲ ਵਿਚ ਵੀ ਉਹਨਾਂ ਨੇ ਹੀ ਤਾਂਘ ਜਗਾਈ ਅਤੇ ਉਹ ਵੀ ਸੰਗਤ ਦਾ ਰੂਪ ਬਣ ਕੇ ਜੀਤ ਬਾਬਾ ਜੀ ਕੋਲ ਗਏ ਅਤੇ ਫਲ ਪ੍ਰਾਪਤ ਕੀਤਾ।

ਜੀਤ ਬਾਬਾ ਜੀ ਦਾਂ ਵੀ ਇਹੋ ਕਹਿਣਾ ਸੀ ਕਿ ਹਜ਼ੂਰ ਦੀ ਪ੍ਰੇਰਣਾ ਤੋਂ ਮੁਖਾਤਬ ਹੋ ਕੇ ਹੀ ਉਹਨਾਂ ਨੇ ਰਾਜ ਮਾਤਾ ਊਸ਼ਾ ਜੀ ਦੀ ਝੋਲੀ ਵਿਚ ਫਲ ਪਾਇਆ। ਸੰਤ ਮਹਾਪੁਰਸ਼ ਆਪਣੇ ਸੇਵਕਾਂ ਨੂੰ ਕਿੰਨੀ ਵੱਡੀ-ਵੱਡੀ ਵਡਿਆਈ ਦੇ ਦਿੰਦੇ ਹਨ।

ਹਜ਼ੂਰ ਫਰਮਾਇਆ ਕਰਦੇ ਸਨ ਕਿ ਜਾਂ ਤਾਂ ਕਿਸੇ ਨੂੰ ਆਪਣਾ ਬਣਾ ਲਉ, ਜਾਂ ਫਿਰ ਕਿਸੇ ਦੇ ਹੋ ਕੇ ਰਹਿ ਜਾਉ। ਸਾਥ ਲੈਣਾ, ਸਾਥ ਦੇਣਾ ਅਤੇ ਸਾਥ ਕਰਨਾ ਇਹੋ ਹੀ ਮਨੁੱਖਤਾ ਦੀ ਪਹਿਚਾਣ ਹੈ। ਸਾਥ ਲੈਣ ਜਾਂ ਸਾਥ ਦੇਣ ਦੀ ਸੋਚ ਨੂੰ ਹਜ਼ੂਰ ਨੇ ਸਿਰਫ ਆਪਣੇ ਵਿਚਾਰਾਂ ਤਕ ਹੀ ਸੀਮਤ ਨਹੀਂ ਰੱਖਿਆ। ਜੇ ਵੀ ਹਜ਼ੂਰ ਕੋਲ ਭਰਾ ਬਣਾਉਣ ਦੀ ਇੱਛਾ ਲੈ ਕੇ ਆਈ, ਹਜ਼ੂਰ ਨੇ ਉਸ ਤੋਂ ਨਾ ਸਿਰਫ ਰਖੜੀ ਬੰਨ੍ਹਾਈ, ਸਗੋਂ ਆਪਣੀ ਸਗੀ ਭੈਣਾਂ ਨਾਲੋਂ ਵੱਧ ਉਹਨਾਂ ਨੂੰ ਭਰਾ ਦਾ ਪਿਆਰ ਦਿੱਤਾ ਅਤੇ ਇਕ ਭਰਾ ਹੋਣ ਦੇ ਹਰ ਤਰ੍ਹਾਂ ਦੇ ਫਰਜ਼ ਨੂੰ ਨਿਭਾਇਆ।

ਜੇ ਕੋਈ ਮਾਂ ਦੀ ਮਮਤਾ ਲੈ ਕੇ ਹਜ਼ੂਰ ਕੋਲ ਆਈ ਤਾਂ ਹਜ਼ੂਰ ਉਨ੍ਹਾਂ ਦੇ ਸਪੁੱਤਰ ਬਣ ਗਏ। ਜਿਸ ਕਿਸੇ ਦੇ ਦਿਲ ਵਿਚ ਹਜ਼ੂਰ ਦਾ ਯਾਰ ਬਣਨ ਦੀ ਇੱਛਾ ਪੈਦਾ ਹੋਈ, ਹਜ਼ੂਰ ਨੇ ਉਸ ਨਾਲ ਦਿਲ-ਓ-ਜਾਨ ਨਾਲ ਯਾਰੀ ਨਿਭਾਈ। ਉਹ ਯਾਰਾਂ ਦੇ ਯਾਰ ਸਨ।

ਜੇ ਕਿਸੇ ਜੀਵ ਨੂੰ ਹਜ਼ੂਰ ਦੀ ਥੋੜ੍ਹੀ ਜਿਹੀ ਵੀ ਨਜ਼ਦੀਕੀ ਮਿਲੀ ਹੋਵੇ ਤਾਂ ਉਹ ਜੀਵ ਦਾਸ ਦੀ ਇਸ ਗੱਲ ਤੋਂ ਪੂਰੀ ਤਰ੍ਹਾਂ ਸਹਿਮਤ ਹੋਣਗੇ ਕਿ ਹਜ਼ੂਰ ਦਾ ਪਿਆਰ ਉਸ ਜੀਵ ਦੇ ਦਿਲ ਦੀ ਖ਼ੁਰਾਕ ਹੁੰਦਾ ਸੀ। ਬਸ ! ਸਿਰਫ ਇਕ ਵਾਰੀ, ਕਿਸੇ ਜੀਵ ਦਾ ਨਾਂ ਲੈ ਕੇ ਹਜ਼ੂਰ ਨੇ ਬੁਲਾ ਲਿਆ ਤਾਂ ਜਿਵੇਂ ਉਸ ਜੀਵ ਨੂੰ ਪੰਖ ਲਗ ਜਾਏ ਹੋਣ। ਉਹ ਸਾਰਾ ਦਿਨ ਖੁਸ਼ੀ 'ਚ ਫੁੱਲਿਆ ਰਹਿੰਦਾ। ਪਰ ਹਜ਼ੂਰ ਦੀ ਚੁੱਪ, ਕਿਸੇ ਜੀਵ ਲਈ ਸਭ ਤੋਂ ਵੱਡੀ ਸਜ਼ਾ ਹੁੰਦੀ। ਇਸ ਚੁੱਪ ਦਾ ਨਿਜੀ ਅਨੁਭਵ ਦਾਸ ਇੰਜ ਬਖ਼ਾਨ ਕਰਦਾ ਹੈ-

"ਤੇਰੀ ਖ਼ਾਮੋਸ਼ੀ ਮੁਝ ਕੋ ਬਰਬਾਦ ਨ ਕਰ ਦੇ,
ਕੋਈ ਛੇੜ ਦੇ ਨਗਮਾ 'ਮਹਕ' ਮੇਰੀ ਖਿਜ਼ਾਉਂ ਮੇਂ।
ਹੈ ਆਖ਼ਰੀ ਸ਼ਾਮੇਂ ਔਰ ਆਖ਼ਰੀ ਤਮੰਨਾ ਮੇਰੀ,
ਆ ਰਹੀ ਹੈ ਮੌਤ ਮਗਰ ਆਏ ਤੇਰੀ ਬਾਹੋਂ ਮੇਂ।"

ਕਿਸੇ ਜਜ਼ਬਾਤੀ ਜੀਵ ਲਈ ਹਜ਼ੂਰ ਦੀ ਚੁੱਪ ਮੌਤ ਦੀ ਸਜ਼ਾ ਤੋਂ ਵੀ ਵੱਧ ਹੁੰਦੀ ਸੀ। ਪਰ ਉਸ ਚੁੱਪ ਦੀ ਸਜ਼ਾ ਵਿਚ ਵੀ ਕਿਸੇ ਜੀਵ ਦਾ ਭਲਾ ਲੁਕਿਆ ਹੁੰਦਾ ਸੀ।

ਹਜ਼ੂਰ ਮਹਾਰਾਜ ਜੀ ਦੀ ਸ਼ਖਸੀਅਤ ਬਾਰੇ ਲਿਖਣਾ ਸੂਰਜ ਨੂੰ ਦੀਵਾ ਦਿਖਾਉਣ ਦੇ ਬਰਾਬਰ ਹੈ। ਫੇਰ ਵੀ ਕੁਝ ਲਾਈਨਾਂ ਲਿਖਣ ਦੀ ਕੋਸ਼ਿਸ਼ ਕਰਦਾ

ਹਾਂ। ਹਜ਼ੂਰ ਦਾ ਸਰੂ ਵਰਗਾ ਲੰਮਾ ਕੱਦ, ਮਸਤਕ ਉਪਰ ਸਦਾ ਹੀ ਰੂਹਾਨੀ ਤੇਜ, ਉਸ ਕੁੱਲ ਮਾਲਿਕ ਦੇ ਨੂਰ ਦਾ ਅਹਿਸਾਸ ਕਰਵਾਉਂਦਾ ਹੈ। ਅੱਖਾਂ ਇਕ ਖਾਸ ਕਿਸਮ ਦੀ ਖਿੱਚ ਰਾਹੀਂ ਹਰ ਕਿਸੇ ਪ੍ਰੇਮੀ ਸੇਵਕ ਨੂੰ ਆਪਣੇ ਵਲ ਖਿੱਚਦੀਆਂ ਹਨ। ਆਮ ਸੇਵਕ ਦੀ ਤਾਂ ਹਜ਼ੂਰ ਮਹਾਰਾਜ ਜੀ ਨਾਲ ਨਜ਼ਰਾਂ ਮਿਲਾ ਲੈਣ ਦੀ ਹਿੰਮਤ ਹੀ ਨਹੀਂ ਸੀ ਪੈਂਦੀ। ਜਦੋਂ ਕਦੀ ਮਹਾਰਾਜ ਦੀ ਅੱਧੀਆਂ ਅੱਖਾਂ ਖੋਲ੍ਹ ਕੇ ਕਿਸੇ ਜੀਵ ਉਪਰ ਦਇਆ ਮਿਹਰ ਦੀ ਦ੍ਰਿਸ਼ਟੀ ਪਾਉਂਦੇ ਤਾਂ ਉਨ੍ਹਾਂ ਦੀਆਂ ਨਜ਼ਰਾਂ ਦਾ ਤੇਜ ਸਹਾਰਨਾ ਅਸਹਿ ਹੁੰਦਾ ਸੀ। ਪਤਲੀ ਲੰਮੀ ਨੱਕ ਦੇ ਹੇਠਾਂ ਗੁਲਾਬ ਦੀਆਂ ਪੰਖੜੀਆਂ ਵਰਗੇ ਹੋਂਠ ਅਤੇ ਇੰਨ੍ਹਾਂ ਦੋਹਾਂ ਦੇ ਵਿਚਕਾਰ ਸੁੰਦਰ ਪਿਆਰੀਆਂ ਜਿਹੀਆਂ ਮੁੱਛਾਂ, ਲੰਮੀ ਰੇਸ਼ਮੀ ਮੁਲਾਇਮ ਦਾੜ੍ਹੀ ਹਜ਼ੂਰ ਦੀ ਸ਼ਖਸੀਅਤ ਨੂੰ ਚਾਰ ਚੰਦ ਲਗਾਂਦੀ। ਸੁਰਾਹੀਦਾਰ ਗਰਦਨ, ਦੇ ਹੇਠਾਂ ਚੌੜੀ ਛਾਤੀ, ਗੋਡਿਆਂ ਤੱਕ ਲੰਬੀਆਂ ਬਾਹਵਾਂ, ਲੰਬੀਆਂ ਮਜ਼ਬੂਤ ਲੱਤਾਂ ਅਤੇ ਕੋਮਲ ਚਰਣ ! ਜਿਸ ਕਿਸੇ ਨੂੰ ਵੀ ਹਜ਼ੂਰ ਦੇ ਚਰਣਾਂ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਉਹ ਤੇ ਧੰਨ ਹੋ ਗਿਆ। ਕੁੱਲ ਮਿਲਾ ਕੇ ਹਜ਼ੂਰ ਦੀ ਸ਼ਖਸੀਅਤ ਚੁੰਬਕ ਸਮਾਨ ਸੀ ਜਿਹੜੀ ਹਰ ਪ੍ਰੇਮੀ ਨੂੰ ਆਪਣੇ ਵਲ ਖਿਚਦੀ ਸੀ। ਸੱਤ ਦਸੰਬਰ 1953 ਨੂੰ ਪੈਦਾ ਹੋਏ ਹਜ਼ੂਰ ਦੇ ਰੂਹਾਨੀ ਜੀਵਨ ਦਾ ਸਫਰ 15 ਅਗਸਤ ਸੰਨ 1971 ਤੋਂ ਲੈ ਕੇ 1977 ਸੱਤ ਸਾਲ ਦਾ ਅਰਸਾ ਪੰਜਾਬ ਦੀ ਸੰਗਤ ਦੀ ਰਹਿਨੁਮਾਈ ਵਿਚ ਬੀਤਿਆ। ਸੰਨ 1977 ਤੋਂ ਲੈ ਕੇ ਸੰਨ 1984 ਤੱਕ ਹਜ਼ੂਰ ਨੇ ਜਿਆਦਾ ਸਮਾਂ ਲੋਨੀ ਡੇਰਾ ਸਾਹਿਬ ਦੀ ਸੰਗਤ ਵਿਚ ਗੁਜਾਰਿਆ। ਇਸੇ ਅਰਸੇ ਵਿਚ ਕਦੀ ਕਦੀ ਪੰਜਾਬ ਤੇ ਯੂ.ਕੇ. ਵੀ ਚਲੇ ਜਾਂਦੇ ਸਨ। ਸੰਨ 1984 ਵਿਚ ਹਜ਼ੂਰ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ 15 ਸਾਲ ਦੀ ਡਿਊਟੀ ਤੋਂ ਬਾਦ ਇੱਕ ਫੌਜੀ ਨੂੰ ਵੀ ਰਿਟਾਇਰ ਕਰ ਦਿੱਤਾ ਜਾਂਦਾ ਹੈ, ਹੇ ਮਾਲਿਕ ਸਾਨੂੰ ਵੀ ਹੁਣ ਡਿਊਟੀ ਤੋਂ ਫਾਰਗ ਕਰ ਦੇ। ਪਰ ਉਸ ਦੋ ਜਹਾਂ ਦੇ ਵਾਲੀ ਪਰਮ ਪਿਤਾ ਪਰਮਾਤਮਾ ਦੀ ਇੱਛਾ ਅਨੁਸਾਰ ਹਜ਼ੂਰ ਨੇ ਸੰਨ 1984 ਤੋਂ ਸੰਨ 1987, 11 ਨਵੰਬਰ ਤੱਕ ਯੂ.ਕੇ. ਇੰਗਲੈਂਡ ਵਿਚ ਸਾਧ ਸੰਗਤ ਦੀ ਲਗਾਤਾਰ ਸੇਵਾ ਕੀਤੀ। ਸ਼ਾਉਥਹਾਲ, ਯੂ.ਕੇ. ਵਿਚ 11 ਨਵੰਬਰ ਸੰਨ 1987 ਨੂੰ ਸਤਿਸੰਗ ਦੇ ਬਾਦ ਸੰਗਤ ਨਾਲ ਆਖਰੀ ਪ੍ਰਵਚਨ ਕਰਦੇ ਹੋਏ ਮਹਾਰਾਜ ਦਰਸ਼ਨ ਦਾਸ ਜੀ ਨੂੰ ਕੁਝ ਸ਼ਰਾਰਤੀ ਲੋਕਾਂ ਨੇ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ। ਇਸ ਤਰ੍ਹਾਂ ਸਾਧ ਸੰਗਤ ਦੀ ਸੇਵਾ ਕਰਦੇ ਹੋਏ ਉਹ ਉਸ ਪਰਮ ਪਿਤਾ ਪਰਮਾਤਮਾ ਦੀ ਗੋਦ ਵਿਚ ਜਾ ਵਿਰਾਜੇ।

ਰੂਹਾਨੀਅਤ ਬਾਰੇ ਹਜ਼ੂਰ ਦਾ ਕਥਨ ਹੈ ਕਿ ਕਿਸੇ ਵੀ ਧਰਮ ਵਿਚ ਰਹੋ, ਉਸਨੂੰ ਸੱਚੇ ਦਿਲੋਂ ਮੰਨੋ। ਪਰਮਾਤਮਾ ਨੂੰ ਪਾਉਣ ਲਈ ਕਿਸੇ ਧਰਮ-ਬਦਲੀ ਦੀ ਲੋੜ ਨਹੀਂ। ਜੇ ਲੋੜ ਹੈ ਤਾਂ ਭਰੋਸੇ ਦੀ। ਹਰ ਜੀਵ ਨੂੰ ਆਪਣੇ ਗੁਰੂ ਤੇ ਭਰੋਸਾ ਹੋਣਾ ਚਾਹੀਦਾ ਹੈ, ਇਹੋ ਹੀ ਰੂਹਾਨੀਅਤ ਦੀ ਸਭ ਤੋਂ ਵੱਡੀ ਕਾਮਯਾਬੀ ਹੈ। ਤਰਕ ਅਤੇ ਦਲੀਲ-ਬਾਜ਼ੀ ਜੀਵ ਨੂੰ ਰੂਹਾਨੀਅਤ ਦੇ ਰਾਹ ਤੋਂ ਪਰ੍ਹਾਂ ਲੈ ਜਾਂਦੀ ਹੈ। ਇਸ ਤੋਂ ਬਚੋ ! ਕਿਸੇ ਵੀ ਧਰਮ ਜਾਂ ਕੌਮ ਦੀ ਸਰਹੱਦਾਂ ਤੋਂ ਬਹੁਤ ਬੁਲੰਦ ਹੈ ਰੂਹਾਨੀਅਤ ਦੀ ਸਿੱਖਿਆ। ਧਰਮ-ਗ੍ਰੰਥ ਸਾਨੂੰ ਕੁਲ-ਮਾਲਿਕ ਪਰਮ-ਪਿਤਾ ਪਰਮਾਤਮਾ ਨਾਲ ਮਿਲਣ ਦਾ ਰਾਹ ਦੱਸਦੇ ਹਨ। ਪਰ ਰੂਹਾਨੀਅਤ ਦੇ ਸੱਚੇ ਰਹਿਬਰ ਸੰਤ-ਮਹਾਪੁਰਸ਼ ਹੀ ਹੁੰਦੇ ਹਨ। ਜਿਹੜੇ ਸਮੇਂ ਸਮੇਂ ਤੇ ਧਰਤੀ ਦੇ ਆ ਕੇ ਸਾਡੀ ਰਹਿਨੁਮਾਈ ਕਰਦੇ ਹਨ। ਅਸੀ ਉਹਨਾਂ ਦੀ ਸਿੱਖਿਆ ਦੇ ਰਾਹ ਤੇ ਤੁਰ ਕੇ ਆਪਣੇ ਜੀਵਨ ਨੂੰ ਸੰਵਾਰਨਾ ਹੈ, ਇਹੋ ਹੀ ਰੂਹਾਨੀਅਤ ਦਾ ਸਾਰ ਹੈ।

ਦਾਸ ਪ੍ਰੇਮ ਮਹਕ

# ਸੰਸਾਰਿਕ ਇੱਛਾਵਾਂ ਦੇ ਪਰ-ਅਧੀਨ ਨਾ ਬਣੋ।

ਪਰ-ਅਧੀਨ ਹੋਣ ਦਾ ਜੇ ਅਸੀਂ ਅਰਥ ਕੱਢੀਏ ਤਾਂ ਦਿਮਾਗ 'ਚ ਸਪਸ਼ਟ ਰੂਪ ਵਿਚ ਕੈਦ ਹੋਣ ਜਾਂ ਕਿਸੇ ਦੇ ਗੁਲਾਮ ਬਣੇ ਰਹਿਣ ਦਾ ਖਿਆਲ ਆਉਂਦਾ ਹੈ। ਭੌਤਿਕ ਰੂਪ ਵਿਚ ਵੇਖਿਆ ਜਾਏ ਤਾਂ ਅਸੀਂ ਪੂਰਣ ਰੂਪ ਵਿਚ ਸੁਤੰਤਰ ਹਾਂ, ਆਜ਼ਾਦ ਹਾਂ, ਅਤੇ ਆਪਣੀ ਇੱਛਾ ਦੇ ਅਨੁਸਾਰ ਜੀਵਨ ਬਤੀਤ ਕਰ ਰਹੇ ਹਾਂ। ਅਸੀਂ ਆਪਣੀ ਮਰਜ਼ੀ ਦੀ ਜੀਵਨ-ਸ਼ੈਲੀ ਨੂੰ ਅਪਣਾਇਆ ਹੋਇਆ ਹੈ। ਜੋ ਚਾਹੁੰਦੇ ਹਾਂ, ਕਰਦੇ ਹਾਂ, ਇੱਥੋਂ ਤੱਕ ਕਿ ਆਪਣੇ ਮਨ ਦੇ ਆਖੇ ਲੱਗ ਕੇ ਕੁਕਰਮ ਕਰਕੇ ਵੀ ਬੇਫ਼ਿਕਰ ਹੋ ਕੇ ਘੁੰਮਦੇ ਹਾਂ। ਪਰ ਕੀ ਅਸੀਂ ਵਾਸਤਵਿਕ ਤੌਰ ਤੇ ਆਜ਼ਾਦ ਹਾਂ ? ਕੀ ਇਸਨੂੰ ਹੀ ਅਸਲੀ ਸੁਤੰਤਰਤਾ ਆਖਦੇ ਹਨ ?

ਮੰਨਿਆ ਸੰਸਾਰਿਕ ਤੌਰ ਤੇ ਆਪਣੀ ਇੱਛਾਵਾਂ ਦੀ ਪੂਰਤੀ ਕਰ ਲੈਣਾ, ਆਪਣੀ ਬੁੱਧੀ ਤੇ ਮਨ ਦੇ ਮੁਤਾਬਕ ਜੀਵਨ ਬਤੀਤ ਕਰ ਲੈਣਾ ਹੀ ਸੁਤੰਤਰਤਾ ਹੈ, ਪਰ ਜੇ ਅਸੀਂ ਅਧਿਆਤਮਕ ਜਾਂ ਰੂਹਾਨੀ ਪੱਖ ਤੋਂ ਵਿਚਾਰ ਕਰੀਏ ਤਾਂ ਅਸੀਂ ਸਮੁੱਚੇ ਤੌਰ ਤੇ ਸੌ ਫ਼ੀਸਦੀ ਗੁਲਾਮੀ ਦੀ ਜ਼ੰਜੀਰਾਂ ਵਿਚ ਜਕੜੇ ਹੋਏ ਹਾਂ, ਅਸੀਂ ਗੁਲਾਮ ਹਾਂ ਆਪਣੇ ਵਿਸ਼ੇ-ਵਿਕਾਰਾਂ, ਇੱਛਾਵਾਂ ਉਮੀਦਾਂ ਅਤੇ ਇੰਦਰੀਆਂ ਦੇ ਸੁਖਾਂ ਦੇ ਜਿੰਨਾਂ ਦਾ ਪਸਾਰਾ ਸਮੁੱਚੇ ਸੰਸਾਰ-ਜਗਤ ਵਿਚ ਹੈ। ਅਸੀਂ ਕਿਸੇ ਮਾਇਆ ਦੇ ਇੰਦਰ-ਜਾਲ ਦੇ ਸੇਵਕ ਬਣ ਕੇ ਦਿਨ-ਰਾਤ ਆਪਣੇ ਮਨ ਦੀ ਚਾਕਰੀ ਕਰ ਰਹੇ ਹਾਂ। ਸਾਡਾ ਹਾਲ ਉਸ ਭੌਰੇ ਵਾਂਗ ਹੈ ਜਿਹੜਾ ਸ਼ਾਮ ਦੇ ਸਮੇਂ ਕਿਸੇ ਮਹਿਕਦੇ ਫੁੱਲ ਤੇ ਬੈਠ ਕੇ ਇਸਦਾ ਸੁਆਦ ਮਾਣਦੇ ਹੋਏ ਇਹ ਸੋਚਦਾ ਹੈ ਕਿ ਮੈਂ ਥੋੜ੍ਹੇ ਸਮੇਂ ਮਗਰੋਂ ਆਪਣੇ ਮਿੱਤਰਾਂ, ਸਾਕਾਂ ਸੰਬੰਧੀਆਂ ਅਤੇ ਸ਼ੁਭ ਚਿੰਤਕਾਂ ਨੂੰ ਵੀ ਇੱਥੇ ਲੈ ਆਊਂਗਾ, ਤਾਂ ਜੋ ਉਹ ਵੀ ਇਸ ਰਸ ਨੂੰ ਪੀ ਕੇ ਸੁਆਦ ਮਾਣ ਸਕਣ।

ਪਰ ਉਹ ਆਪ ਉਸ ਰਸ ਨੂੰ ਚੂਸਣ ਵਿਚ ਇਹਨਾਂ ਗੁਆਚ ਜਾਂਦਾ ਹੈ ਕਿ ਉਸਨੂੰ ਖਬਰ ਨਹੀਂ ਲਗਦੀ ਕਿ ਕਦੋਂ ਰਾਤ ਹੋ ਗਈ ਤੇ ਫੁੱਲ ਦੀਆਂ ਪੰਖੁੜਿਆਂ ਬੰਦ ਹੋ ਗਈਆਂ। ਇੰਜ ਉਹ ਭੌਰਾ ਆਪਣੇ ਇਸ ਭੁਲੇਖੇ ਵਿਚ ਜਾਨ ਗੁਆ ਬੈਠਦਾ ਹੈ ਤੇ ਅਸੀਂ ਵੀ ਉਸੇ ਵਾਂਗ ਦੁਨੀਆਂ ਦੀ ਵਿਸ਼ੈ-ਵਿਕਾਰਾਂ ਰੂਪੀ ਅੱਗ ਵਿਚ ਆਪਣੇ ਆਪ ਨੂੰ ਸਾੜ ਲੈਂਦੇ ਹਾਂ।

ਇੰਜ ਨਹੀਂ ਕਿ ਅਸੀਂ ਕਦੇ ਆਪਣੀ ਇਸ ਹਾਲਤ ਬਾਰੇ ਸੋਚਦੇ ਨਹੀਂ ਜਾਂ ਵਿਚਾਰ ਨਹੀਂ ਕਰਦੇ। ਅਸੀਂ ਕਦੇ-ਕਦਾਈਂ ਇਹ ਜ਼ਰੂਰ ਸੋਚਦੇ ਹਾਂ ਕਿ ਅਸੀਂ ਆਪਣਾ ਸਮਾਂ ਇਵੇਂ ਹੀ ਬਤੀਤ ਕਰੀ ਜਾ ਰਹੇ ਹਾਂ, ਪਤਾ ਨਹੀਂ ਅੰਤ ਵੇਲੇ ਸਾਡਾ ਕੀ ਹਾਲ ਹੋਵੇਗਾ ? ਪਰ ਇਹ ਅਸੀਂ ਕਦੋਂ ਸੋਚਦੇ ਹਾਂ ? ਉਦੋਂ ਜਦੋਂ ਸਾਡੇ ਕਿਸੇ ਸਾਕ ਸੰਬੰਧੀ ਜਾਂ ਰਿਸ਼ਤੇਦਾਰ ਦੀ ਮੌਤ ਹੁੰਦੀ ਹੈ। ਉਸ ਸਮੇਂ ਅਸੀਂ ਕੁਝ ਦਿਨਾਂ ਵਾਸਤੇ ਥੋੜ੍ਹੇ ਜਿਹੇ ਵੈਰਾਗ ਦੀ ਰਾਹ ਤੇ ਤੁਰਦੇ ਹਾਂ ਕਿ ਇਹ ਜੀਵਨ ਨਾਸ਼ਵਾਨ ਹੈ। ਇਕ ਦਿਨ ਸਭ ਕੁਝ ਛੱਡ ਕੇ ਤੁਰ ਜਾਣਾ ਹੈ, ਇੱਥੇ ਕੁਝ ਨਹੀਂ ਰੱਖਿਆ। ਪਰ ਇਹ ਭਰੋਸਾ ਸਿਰਫ ਕੁਝ ਸਮੇਂ ਦਾ ਹੀ ਹੁੰਦਾ ਹੈ। ਹੌਲੀ-ਹੌਲੀ ਮੁੜ ਸਾਡੇ ਉੱਤੇ ਮਨ ਦੀ ਸੋਚ ਹਾਵੀ ਹੋ ਜਾਂਦੀ ਹੈ, ਬੁੱਧੀ ਚੰਚਲ ਹੋ ਜਾਂਦੀ ਹੈ। ਮਨ, ਇੰਦਰੀਆਂ ਨੂੰ ਨਾਲ ਲੈ ਕੇ ਸਾਨੂੰ ਆਪਣੇ ਇਸ਼ਾਰਿਆਂ ਤੇ ਨਚਾਉਂਦਾ ਹੈ ਅਤੇ ਅਸੀਂ ਮੁੜ ਉਸੇ ਰਾਹ ਤੁਰ ਪੈਂਦੇ ਹਾਂ।

ਅਸੀਂ ਆਪਣੇ ਇਸ ਮਨ ਅਤੇ ਵਿਕਾਰਾਂ ਦੇ ਪਿੰਜਰੇ ਵਿਚ ਆਪਣੀ ਆਤਮਾ ਰੂਪੀ ਪੰਛੀ ਨੂੰ ਕੈਦ ਕੀਤਾ ਹੋਇਆ ਹੈ ਜਿਹੜੀ ਇਸ ਤੋਂ ਬਾਹਰ ਨਿਕਲਣ ਲਈ ਤੜਪਦੀ ਰਹਿੰਦੀ ਹੈ।

ਸੰਸਾਰ ਦਾ ਚੱਕਰ ਨਿਰੰਤਰ ਘੁੰਮ ਰਿਹਾ ਹੈ ਤੇ ਅਸੀਂ ਉਸਨੂੰ ਚੰਬੜੇ ਹੋਏ ਹਾਂ। ਅਸੀਂ ਆਪ ਆਪਣੇ ਹੱਥਾਂ ਨਾਲ ਰੱਸੀ ਫੜਾਈ ਹੋਈ ਹੈ, ਜਿਹੜੀ ਲਗਾਤਾਰ ਸਾਨੂੰ

ਖਿੱਚ ਰਹੀ ਹੈ। ਮਨ ਨੂੰ ਆਪਣੀ ਬਾਗਡੋਰ ਅਸੀਂ ਆਪ ਫੜਾਈ ਹੈ।

ਅਸੀ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਸਾਹਾਂ ਦੀ ਗਿਣਤੀ ਬਹੁਤ ਘੱਟ ਹੈ। ਟੁੱਟੇ ਘੜੇ ਵਿਚੋਂ ਟਪਕਦਿਆਂ ਪਾਣੀ ਦੀਆਂ ਬੂੰਦਾਂ ਵਾਂਗ ਬਹਿ ਜਾਏਗੀ ਤੇ ਅਸੀਂ ਖਾਲੀ ਘੜੇ ਵਾਂਗ ਮਿੱਟੀ 'ਚ ਮਿਲ ਜਾਵਾਂਗੇ। ਪਿਆਜ਼ ਦੇ ਛਿਲੜ ਨੂੰ ਜੇ ਇਕ-ਇਕ ਕਰ ਕੇ ਉਤਾਰਦੇ ਹਾਂ ਤਾਂ ਅਖੀਰ 'ਚ ਕੁਝ ਨਹੀਂ ਬਚਦਾ। ਅਸੀਂ ਸੰਸਾਰ ਵਿਚ ਰੇਤ ਦੀ ਨੀਂਹ ਤੇ ਵੱਡੀ ਇਮਾਰਤ ਖੜੀ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਜਦੋਂ ਕੋਈ ਵੱਡਾ ਧੱਕਾ ਲਗਦਾ ਹੈ, ਤਾਂ ਅਸੀਂ ਸੋਚਦੇ ਹਾਂ, "ਸਾਰੇ ਮੈਨੂੰ ਧੋਖਾ ਦੇ ਰਹੇ ਹਨ, ਸਭ ਕੁਝ ਟੁੱਟ ਰਿਹਾ ਹੈ, ਅਖੀਰ ਮੈਂ ਕਿਸ ਤੇ ਭਰੋਸਾ ਕਰਾਂ।" ਇਹ ਸੰਕਟ ਦਾ ਵੇਲਾ ਹੈ, ਅਸੀਂ ਆਪਣੀ ਸੁਰਖਿਆ ਲਈ ਦੂਜਿਆਂ ਤੇ ਨਿਰਭਰ ਰਹਿੰਦੇ ਹਾਂ, ਪਰ ਜਿਹੜਾ ਆਪ ਅਸੁਰੱਖਿਤ ਹੈ, ਉਹ ਦੂਜਿਆਂ ਲਈ ਸੁਰਖਿਆ ਦੀ ਮਜਬੂਤ ਦੀਵਾਰ ਕਿੰਜ ਬਣ ਸਕਦਾ ਹੈ। ਕਬੀਰ ਜੀ ਆਖਦੇ ਹਨ:-

'ਯੇ ਤਨ ਕਾਗਜ ਦੀ ਪੂੜਿਆ, ਬੂੰਦ ਪੜੇ ਗਲ ਜਾਏ ਗਾ।

ਕਹੇ ਕਬੀਰ ਸੁਨ ਭਈ ਸਾਧੂ, ਇਕ ਨਾਮ ਬਿਨ ਪਛਤਾਏਗਾ।"

ਇਸ ਲਈ ਸਭ ਤੋਂ ਪਹਿਲਾਂ ਅਸੀਂ ਆਪਣੀ ਆਤਮਾ ਦਾ ਭੇਦ ਪਾਉਣ ਦੀ ਕੋਸ਼ਿਸ਼ ਕਰੀਏ ਕਿਉਂਕਿ ਚਾਨਣ ਸਾਡੇ ਅੰਦਰ ਹੀ ਹੈ। ਸੋ, ਉਸ ਨੂੰ ਬਾਹਰ ਖੋਜਣਾ ਮੂਰਖਤਾ ਹੈ। ਜੇ ਅਸੀਂ ਆਪਣੀ ਆਤਮਾ ਦਾ ਸਰੂਪ ਨਹੀਂ ਜਾਣਦੇ ਤਾਂ ਸਾਰਾ ਬਾਹਰੀ ਗਿਆਨ, ਪੰਡਿਤਾਈ ਵਿਅਰਥ ਹੈ। ਇਸ ਪਰਮ-ਸੱਤਾ ਨੂੰ ਜਾਣੇ ਬਗੈਰ ਸਾਡਾ ਕੋਈ ਆਧਾਰ ਨਹੀਂ ਹੈ। ਉਹੀ ਗਿਆਨ ਦੀ, ਪਰਗਿਆ ਦੀ ਜੋਤ, ਜਿਹੜੀ ਸਾਡੇ ਹੰਕਾਰ, ਮਨ ਅਤੇ ਬੁੱਧੀ ਦੇ ਹਨੇਰੇ ਤੋਂ ਪਰ੍ਹਾਂ ਪ੍ਰਕਾਸ਼ਮਾਨ ਹੈ, ਇਸੇ ਆਤਮਾ ਦਾ ਗਿਆਨ ਹੀ ਮਨੁੱਖ ਦੀ ਵਾਸਤਵਿਕ ਸੁਤੰਤਰਤਾ ਹੈ, ਜਦੋਂ ਉਹ ਉਸ ਅਨੰਤ ਜੋਤ ਨੂੰ ਦੇਹ, ਇੰਦਰੀਆ ਅਤੇ ਮਨ ਦੀਆ ਹੱਦਾਂ ਤੋਂ ਮੁਕਤ ਕਰਵਾਉਂਦਾ ਹੈ। ਪਰ ਇਸ ਮੁਕਤੀ ਨੂੰ ਪ੍ਰਾਪਤ ਕਰਨਾ ਇੰਨਾ ਸਰਲ ਅਤੇ ਸਹਿਜ ਨਹੀਂ ਹੈ। ਸੁਤੰਤਰਤਾ ਨੂੰ ਮਾਨਣ ਲਈ ਸਭ ਤੋਂ ਪਹਿਲਾ ਇਸ ਸੰਸਾਰ ਵਿਚ ਮਨੁੱਖ-ਜੀਵਨ ਦੀ ਨਾਸ਼ਮਾਨਤਾ ਨੂੰ ਮਾਨਣ ਦੀ ਲੋੜ ਹੈ। ਫੇਰ ਮਨੁੱਖ ਜਨਮ ਦੇ ਅਸਲ ਮੰਤਵ ਅਤੇ ਰੂਹ ਦੀ ਤੜਪ ਨੂੰ ਪਛਾਨਣ ਦੀ ਲੋੜ ਹੈ। ਪਰ ਕਿਵੇਂ ? ਇਹ ਸਭ ਕੁਝ ਸਿਰਫ ਇਕ ਪੂਰਣ ਗੁਰੂ ਦੀ ਸ਼ਰਣ ਅਤੇ ਉਸ ਦੀ ਦਇਆ ਨਾਲ ਹੀ ਸੰਭਵ ਹੈ। ਕਿਉਂਕਿ ਉਹ ਸਤਿਗੁਰੂ ਹੀ ਮਨ ਦੀ ਲਗਾਮ ਨੂੰ ਕਾਬੂ ਕਰ ਕੇ ਵਿਕਾਰਾਂ ਨੂੰ ਜਿੱਤਣ ਦਾ ਰਾਹ ਦਸ ਸਕਦਾ ਹੈ। ਸਤਿਗੁਰੂ ਆਤਮਾ ਵਿਚ ਸ਼ਕਤੀ ਦਾ ਪ੍ਰਵਾਹ ਪਾ ਕੇ ਉਸਨੂੰ ਮਜਬੂਤ ਕਰਦਾ ਹੈ ਅਤੇ ਉਹ ਜੀਵ-ਆਤਮਾ ਜਿਹਦੇ ਪਵਿੱਤਰ ਹਿਰਦੇ ਅੰਦਰ ਦਾ ਕਮਲ ਖਿੜ ਗਿਆ ਹਵੇ, ਉਸਨੂੰ ਹਰ ਸੁੰਦਰ ਤਰੀਕੇ ਨਾਲ ਨਿਖਾਰਨ ਵਾਲਾ ਗਿਆਨ ਗੁਰੂ ਤੋਂ ਹੀ ਮਿਲਦਾ ਹੈ ਜਿਵੇ ਤੇਜ ਰੋਸ਼ਨੀ ਸਾਹਮਣੇ ਮੰਦ-ਪ੍ਰਕਾਸ਼ ਹੌਲੀ-ਹੌਲੀ ਆਪ ਹੀ ਧੁੰਧਲਾ ਪੈ ਜਾਂਦਾ ਹੈ, ਅਤੇ ਅਖੀਰ 'ਚ ਬਿਲਕੁਲ ਗੁਆਚ ਜਾਂਦਾ ਹੈ। ਇਸੇ ਤਰ੍ਹਾਂ ਇੰਦਰੀਆ-ਸੁਖ ਤੇ ਬੁੱਧੀ ਦੇ ਸੁੱਖ ਗੁਰੂ ਦੀ ਕਿਰਪਾ ਨਾਲ ਰੱਖੀ ਪਿਆਰ ਸਾਹਮਣੇ, ਆਪਣੇ ਆਪ ਹੌਲੀ-ਹੌਲੀ ਧੁੰਧਲੇ ਪੈ ਕੇ ਪ੍ਰਭਾਵਹੀਨ ਹੋ ਜਾਂਦੇ ਹਨ।

'ਸਤਿਗੁਰੂ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗ ਚਾਨਣ ਹੋਇਆ।'

ਗੁਰੂ ਦੀ ਸ਼ਰਣ ਪ੍ਰਾਪਤ ਕਰਕੇ ਆਪਣੇ ਚਿੱਤ ਨੂੰ ਨਿਰਮਲ ਕਰਨ ਦਾ ਸਾਧਨ ਪ੍ਰਾਪਤ ਕਰਨ ਦੇ ਉੱਦਮ ਨਾਲ ਹੀ ਆਤਮਾ ਉਪਰ ਜੰਮੀ ਜਨਮਾਂ-ਜਨਮਾਂਤਰਾ ਦੇ ਕਰਮਾਂ ਦੀ ਧੂੜ ਸਾਫ ਹੋ ਜਾਂਦੀ ਹੈ, ਜਿਵੇ ਜੇ ਕਿਸੇ ਸੂਈ ਤੇ ਮਿੱਟੀ ਲੱਗੀ ਹੋਈ ਹੋਵੇ ਤਾਂ ਉਸਨੂੰ ਚੁੰਬਕ ਵੱਲ ਖਿਚ ਨਹੀਂ ਪੈਂਦੀ, ਉਸੇ ਤਰ੍ਹਾਂ ਜਦੋਂ ਤੱਕ ਮਨੁੱਖ ਆਪਣੇ ਅੰਦਰ ਦੀ ਮੈਲ ਸਾਫ ਨਹੀਂ ਕਰਦਾ, ਉਸਨੂੰ ਆਤਮਕ-ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ। ਮਨੁੱਖ ਨੂੰ ਕਮਲ ਦੇ ਫੁੱਲ ਵਾਂਗ ਚਿੱਕੜ ਰੂਪੀ ਸੰਸਾਰ ਤੋਂ ਵੱਖ ਰਹਿ ਕੇ ਸਿਰ ਚੁੱਕ ਕੇ ਉਪਰ ਉਠਣਾ ਚਾਹੀਦਾ ਹੈ, ਤਾਂ ਜੋ ਉਹ ਆਤਮਾ ਨੂੰ ਢੱਕਣ ਵਾਲੇ ਸਥੂਲ, ਸੂਖਮ ਅਤੇ ਸਰੀਰ ਰੂਪੀ ਆਵਰਣ ਨੂੰ ਪਾੜ ਕੇ ਪਰਮਾਤਮਾ ਦੇ ਚਾਨਣ ਨੂੰ ਪ੍ਰਾਪਤ ਕਰ ਸਕੇ।

# 11 ਨਵੰਬਰ ਅਮਨ ਦਿਵਸ ਦੇ ਅਵਸਰ ਤੇ ਯੁ ਕੇ ਵਿੱਖੇ ਸ਼ਾਂਤੀ ਯਾਤਰਾ ਦੀਆ ਕੁਝ ਝਲਕਿਆਂ







